ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਵੀਰਵਾਰ, 19 ਸਤੰਬਰ 2024
Email:- lokbani08@gmail.com

**ਅੱਜ ਦਾ ਸ਼ੁਭ ਵਿਚਾਰ**



ਕਿਸੇ ਨਾਲ ਈਰਖਾ ਕਰਕੇ ਅਸੀਂ ਉਸ ਦਾ ਕੁੱਝ ਨਹੀਂ ਵਿਗਾੜ ਸਕਦੇ ਪਰ ਆਪਣਾ ਸੁੱਖ ਚੈਨ ਜ਼ਰੂਰ ਗਵਾ ਲੈਂਦੇ ਹਾਂ

ਹਰਵਿੰਦਰ ਕੌਰ ਪੰਮੀ
ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 ✶ ਸਾਲ 16 , ✶ ਅੰਕ : 101, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111

## ਭਿਆਨਕ ਧਮਾਕਿਆਂ ਨਾਲ ਲਿਬਨਾਨ ਚ ਹੋਈਆਂ ਤਿੰਨ ਮੋਤਾ

**ਬੈਰੂਤ,ਲੋਕ ਬਾਣੀ** -ਲਿਬਨਾਨ ਵਿਚ ਬੀਤੇ ਦਿਨੀਂ ਪੇਜਰਾਂ ਵਿਚ ਧਮਾਕਿਆਂ ਤੋਂ ਬਾਅਦ ਅੱਜ ਵਾਕੀ ਟਾਕੀ ਵਿਚ ਧਮਾਕੇ ਹੋਏ ਹਨ। ਇਸ ਹਮਲੇ ਵਿਚ ਨੌਂ ਜਣਿਆਂ ਦੀ ਮੌਤ ਹੋ ਗਈ ਹੈ ਤੇ ਤਿੰਨ ਸੌ ਜ਼ਖਮੀ ਹੋ ਗਏ ਹਨ। ਇਹ ਧਮਾਕੇ ਰਾਜਧਾਨੀ ਬੇਰੂਤ ਵਿਚ ਕਈ ਥਾਈਂ ਹੋਏ। ਇਨ੍ਹਾਂ ਵਿਚੋਂ ਇਕ ਧਮਾਕਾ ਹਿਜ਼ਬੁੱਲਾ ਦੇ ਸੰਸਦ ਮੈਂਬਰ ਅਲੀ ਅਮਾਰ ਦੇ ਲੜਕੇ ਦੇ ਸਸਕਾਰ ਮੌਕੇ ਹੋਇਆ। ਸੰਸਦ ਮੈਂਬਰ ਦਾ ਲੜਕਾ ਬੀਤੇ ਦਿਨੀਂ ਪੇਜਰ ਧਮਾਕੇ ਵਿਚ ਹਲਾਕ



ਹੋ ਗਿਆ ਸੀ। ਸਿਹਤ ਮੰਤਰੀ ਨੇ ਦੱਸਿਆ ਕਿ ਇਸ ਹਮਲੇ ਵਿਚ ਨੌਂ ਲੋਕ ਮਾਰੇ ਗਏ ਹਨ ਤੇ ਤਿੰਨ ਸੌ ਜ਼ਖ਼ਮੀ ਹੋਏ ਹਨ।

## ਆਸਟ੍ਰੇਲੀਆ ਚ ਬੰਦ ਹੋਏ ਗੈਰਕਾਨੂੰਨੀ 150 ਕਾਲਜ ਵਿਦਿਆਰਥੀ ਪਰੇਸ਼ਾਨ

**ਜਲੰਧਰ, ਬਿੱਟੂ ਫੋਲੜੀਵਾਲ** --ਵਿਦਿਆਰਥੀਆਂ ਲਈ ਵੱਡੀ ਖਬਰ ਆਸਟ੍ਰੇਲੀਆ ਤੋਂ ਆ ਰਹੀ ਹੈ ਜਿਥੇ ਆਸਟ੍ਰੇਲੀਆ ਦੇ ਗੈਰ-ਕਾਨੂੰਨੀ ਪ੍ਰਾਈਵੇਟ ਕਾਲਜਾਂ ਵਿਚ ਸਟੂਡੈਂਟ ਵੀਜ਼ੇ ਦੀ ਆੜ 'ਚ ਪਿਛਲੇ ਦਰਵਾਜ਼ੇ ਰਾਹੀਂ ਨੌਕਰੀਆਂ ਦਿਵਾਉਣ ਦੇ ਧੰਦੇ 'ਤੇ ਆਸਟ੍ਰੇਲੀਆ ਸਰਕਾਰ ਨੇ ਨੱਥ ਪਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਲੜੀ ਵਿਚ ਸਰਕਾਰ ਨੇ ਵੱਡੀ ਕਾਰਵਾਈ ਕਰਦਿਆਂ ਗੈਰ-ਕਾਨੂੰਨੀ ਤੌਰ 'ਤੇ ਚੱਲ ਰਹੇ 150 ਕਾਲਜਾਂ ਨੂੰ ਬੰਦ ਕਰ ਦਿੱਤਾ ਹੈ। ਜਾਂਚ ਦੌਰਾਨ ਇਹ ਕਾਲਜ ਨਿਯਮਤ ਸਿਖਲਾਈ ਜਾਂ ਪੜ੍ਹਾਈ ਕਰਵਾਉਣ ਦੇ ਸਬੂਤ ਨਹੀਂ ਦੇ ਸਕੇ,




ਜਿਸ ਤੋਂ ਬਾਅਦ ਆਸਟ੍ਰੇਲੀਆ ਪ੍ਰਸ਼ਾਸਨ ਨੇ ਇਨ੍ਹਾਂ ਕਾਲਜਾਂ ਨੂੰ ਤਾਲਾ ਲਗਾ ਦਿੱਤਾ ਹੈ। ਇਸ ਕਾਰਵਾਈ ਕਾਰਨ ਪੰਜਾਬ ਸਮੇਤ ਉੱਤਰੀ ਭਾਰਤ ਦੇ ਸੈਂਕੜੇ ਵਿਦਿਆਰਥੀਆਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ

## ਦਿੱਲੀ ਵਿੱਚ ਮਕਾਨ ਢਹਿਣ ਕਾਰਨ ਤਿੰਨ ਦੀ ਮੌਤ 14 ਜ਼ਖ਼ਮੀ

**ਦਿੱਲੀ, ਲੋਕ ਬਾਣੀ** --ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਵੱਡੀ ਖਬਰ ਆ ਰਹੀ ਹੈ ਜਿਥੇ ਪੁਲਿਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਰੋਲ ਬਾਗ ਵਿਚ ਮਕਾਨ ਢਹਿਣ ਦੀ ਘਟਨਾ ਵਿਚ 3 ਲੋਕਾਂ ਦੀ ਮੌਤ ਹੋ ਗਈ ਅਤੇ 14 ਜ਼ਖ਼ਮੀ ਹੋ ਗਏ ਹਨ ਪੂਰੇ ਇਲਾਕੇ ਵਿੱਚ ਇਸ



ਘਟਨਾ ਨਾਲ ਦਹਿਸ਼ਤ ਦਾ ਮਾਹੌਲ ਹੈ ਤੇ ਘਟਨਾ ਵਾਲੀ ਥਾਂ ਤੇ ਪ੍ਰਸ਼ਾਸਨ ਦੇ ਵੱਡੇ ਅਧਿਕਾਰੀ ਪਹੁੰਚ ਚੁੱਕੇ ਹਨ

## ਪੰਜਾਬ ਵਿੱਚ ਫੇਰ ਹੋਈ ਲੱਖਾਂ ਦੀ ਲੁੱਟ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ

**ਨਵਾਂਸ਼ਹਿਰ , ਲੋਕ ਬਾਣੀ** - ਪੰਜਾਬ ਵਿੱਚ ਅਮਨ ਕਾਨੂੰਨ ਵਿਵਸਥਾ ਦਾ ਬੂਰਾ ਹਾਲ ਹੈ ਰੋਜ਼ ਕਤਲ, ਲੁੱਟ ਖੋਹ, ਨਸ਼ਾ, ਗੋਲੀਆਂ ਗੈਂਗਵਾਰ ਫਿਰੌਤੀ,ਆਮ ਹੋ ਗਿਆ ਹੈ ਤਾਜ਼ਾ ਮਾਮਲਾ ਨਵਾਂਸ਼ਹਿਰ ਦੇ ਮਾਰਗ 'ਤੇ ਇਕ ਵੈਸਟਨ ਯੂਨੀਅਨ ਦਾ ਹੈ ਜਿਥੇ' ਦੋ ਨੌਜਵਾਨਾਂ ਵਲੋਂ ਪਿਸਤੌਲ ਦੀ ਨੋਕ 'ਤੇ ਰਾਕੇਸ਼ ਭੰਡਾਰੀ ਪਾਸੋਂ 1 ਲੱਖ 60000/- ਦੀ ਲੁੱਟ ਕੀਤੀ ਗਈ। ਰਾਕੇਸ਼ ਭੰਡਾਰੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਸਤੌਲ ਦੀ ਨੋਕ 'ਤੇ ਲੁਟੇਰਿਆਂ ਨੇ ਇਸ ਵਾਰਦਾਤ




ਨੂੰ ਅੰਜ਼ਾਮ ਦਿੱਤਾ। ਉਨ੍ਹਾਂ ਨੇ ਉਸ ਦੇ ਹੱਥ 'ਤੇ ਪਿਸਤੌਲ ਦਾ ਮੁੱਠਾ ਮਾਰਿਆ ਅਤੇ ਨਕਦੀ ਖੋਹ ਕੇ ਫਰਾਰ ਹੋ ਗਏ। ਇਸ ਸੰਬੰਧੀ ਸਥਾਨਕ ਪੁਲਿਸ ਨੂੰ ਸੂਚਨਾ ਦਿੱਤੀ ਗਈ ਹੈ ਅਤੇ ਪੁਲਿਸ ਵਲੋਂ ਅਜੇ ਕਾਰਵਾਈ ਕੀਤੀ ਜਾ ਰਹੀ ਹੈ।

## ਭਿਆਨਕ ਅੱਗ ਲੱਗਣ ਕਾਰਨ ਫੈਕਟਰੀ ਦੇ ਤਿੰਨ ਮਜ਼ਦੂਰਾਂ ਦੀ ਹੋਈ

**ਬਠਿੰਡਾ,ਲੋਕ ਬਾਣੀ** - ਬਠਿੰਡਾ ਡੱਬਵਾਲੀ ਰੋਡ 'ਤੇ ਸਥਿਤ ਪਿੰਡ ਗਹਿਰੀ ਬੁੱਟਰ ਨੇੜੇ ਗੱਦਾ ਫੈਕਟਰੀ (ਹੈਰੀਟੇਜ ਇੰਡਸਟਰੀ) ਵਿਚ ਬੀਤੀ ਰਾਤ ਅਚਾਨਕ ਹੋਏ ਧਮਾਕੇ ਕਾਰਨ ਲੱਗੀ ਭਿਆਨਕ ਅੱਗ 'ਚ ਬੁਰੀ ਤਰਾਂ ਝੁਲਸਣ ਕਾਰਨ ਪਿੰਡ ਸ਼ੇਰਗੜ੍ਹ ਦੇ ਤਿੰਨ ਨੌਜਵਾਨ ਮਜ਼ਦੂਰਾਂ ਦੀ ਮੌਤ ਹੋ ਗਈ। ਉਥੇ ਕੰਮ ਕਰਦੇ ਦਰਜਨ ਦੇ ਕਰੀਬ ਹੋਰ ਮਜ਼ਦੂਰਾਂ ਨੇ ਬੜੀ ਮੁਸ਼ਕਲ ਨਾਲ



ਭੱਜ ਕੇ ਆਪਣੀ ਜਾਨ ਬਚਾਈ। ਚਸ਼ਮਦੀਦਾਂ ਅਨੁਸਾਰ ਫੈਕਟਰੀ 'ਚ ਲੱਗੀ ਅੱਗ ਕਾਫ਼ੀ ਭਿਆਨਕ ਸੀ ਅਤੇ ਜਿਸ ਕਾਰਨ ਫੈਕਟਰੀ ਜਲਦ ਹੀ ਅੱਗ ਦੀ ਲਪੇਟ ਵਿਚ ਆ ਗਈ।

## ਪੰਜਾਬ ਵਿੱਚ ਬੰਦ ਹੋਇਆ ਆਯੁਸ਼ਮਾਨ ਭਾਰਤ ਤਹਿਤ ਸਾਰੀਆਂ ਕੈਸ਼ਲੈੱਸ ਸੇਵਾਵਾਂ

**ਚੰਡੀਗੜ੍ਹ,ਵਿਨੋਦ ਸ਼ਰਮਾ** - ਇਸ ਵੇਲੇ ਦੀ ਵੱਡੀ ਖਬਰ ਪੰਜਾਬ ਤੋਂ ਹੈ ਜਿਥੇ ਨਿੱਜੀ ਹਸਪਤਾਲਾਂ ਤੇ ਨਰਸਿੰਗ ਹੋਮ ਦੀ ਨੁਮਾਇੰਦਗੀ ਕਰਨ ਵਾਲੀ ਪੀਐੱਚਏਐੱਨਏ ਪੰਜਾਬ ਐਸੋਸੀਏਸ਼ਨ ਨੇ ਬੁੱਧਵਾਰ ਨੂੰ ਆਯੁਸ਼ਮਾਨ ਭਾਰਤ ਤਹਿਤ ਸਾਰੀਆਂ ਕੈਸ਼ਲੈੱਸ ਸੇਵਾਵਾਂ ਨੂੰ ਰੋਕਣ ਦਾ ਐਲਾਨ ਕਰ ਦਿੱਤਾ ਹੈ। ਇਸ ਫੈਸਲੇ ਦਾ ਕਾਰਨ ਪਿਛਲੇ ਛੇ ਮਹੀਨਿਆਂ ਤੋਂ ਭੁਗਤਾਨ ਲੰਬਿਤ ਹੈ। ਯੋਜਨਾ ਤਹਿਤ ਪੰਜਾਬ ਚ 600 ਪ੍ਰਾਈਵੇਟ ਹਸਪਤਾਲ ਜੁੜੇ ਹਨ ਜਦਕਿ ਲੁਧਿਆਣਾ ਚ 70 ਹਸਪਤਾਲ ਜੁੜੇ ਹਨ। ਦੇ ਨੁਮਾਇੰਦਿਆਂ ਅਨੁਸਾਰ ਇਹ ਐਲਾਨ ਕਰਨ




ਤੋਂ ਪਹਿਲਾਂ ਉਨ੍ਹਾਂ ਬਕਾਇਆ ਅਦਾਇਗੀਆਂ ਦੇ ਮਸਲਿਆਂ ਦੇ ਹੱਲ ਲਈ ਸਟੇਟ ਹੈਲਥ ਏਜੰਸੀ ਪੰਜਾਬ ਦੇ ਸੀਈਓ ਤੇ ਸਿਹਤ ਮੰਤਰੀ ਨਾਲ ਗੱਲਬਾਤ ਕੀਤੀ ਸੀ।

## ਸੂਬੇ ਵਿਚ ਕਾਨੂੰਨ ਵਿਵਸਥਾ ਫੇਲ੍ਹ ਫੇਰ ਹੋਇਆ ਨੌਜਵਾਨ ਦਾ ਕਤਲ


**ਲੁਧਿਆਣਾ, ਸੁਖਚੈਨ ਮਹਿਰਾ** --ਪੰਜਾਬ ਵਿਚ ਆਪ ਸਰਕਾਰ ਆਉਣ ਤੋ ਬਾਅਦ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ ਤੇ ਅੱਜ ਲੁਧਿਆਣਾ ਦੇ ਡਾਬਾ ਦੇ ਮੁਹੱਲਾ ਫਤਿਹ ਸਿੰਘ ਨਗਰ ਚ ਦੋ ਧਿਰਾਂ ਵਿਚਕਾਰ ਹੋਈ ਭਿਆਨਕ ਝੜਪ ਦੇ ਦੌਰਾਨ 25 ਸਾਲ ਦੇ ਨੌਜਵਾਨ ਦੀ ਮੌਤ ਹੋ ਗਈ ⇩ ਇਸ ਝਗੜੇ ਦੇ ਦੌਰਾਨ ਕੁਝ ਹੋਰ ਨੌਜਵਾਨ ਗੰਭੀਰ ਰੂਪ ਵਿੱਚ ਫੱਟੜ ਹੋਏ⇩ ਲੜਾਈ ਇਨੀ ਜ਼ਬਰਦਸਤੀ ਕਿ ਦੋਵਾਂ ਧਿਰਾਂ ਨੇ ਇੱਕ ਦੂਜੇ ਉੱਪਰ ਤੇਜ਼ਧਾਰ ਹਥਿਆਰਾਂ ਅਤੇ ਡੰਡਿਆਂ ਨਾਲ ਹਮਲਾ ਕੀਤਾ ਤੇ ਦੋ ਧਿਰਾਂ ਵਿਚਾਲੇ ਭਿਆਨਕ ਟਕਰਾਅ ਦੌਰਾਨ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ, ਤੇਜ਼ਧਾਰ ਹਥਿਆਰਾਂ




ਦੀ ਖੁੱਲ੍ਹ ਕੇ ਹੋਈ ਵਰਤੋਂ ਦੋ ਧਿਰਾਂ ਵਿਚਾਲੇ ਭਿਆਨਕ ਟਕਰਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਰਿਹਾ ⇩ ਜਾਣਕਾਰੀ ਤੋਂ ਬਾਅਦ ਪੁਲਿਸ ਮੌਕੇ ਤੇ ਪਹੁੰਚੀ ਪਰ ਉਸ ਤੋਂ ਪਹਿਲਾਂ ਹੀ ਮੁਲਜਮ ਫਰਾਰ ਹੋ ਚੁੱਕੇ ਸਨ ਇਸ ਹਿੰਸਕ ਝੜਪ ਵਿਚ ਕਤਲ ਹੋਏ ਨੌਜਵਾਨ ਦੀ ਪਛਾਣ ਪ੍ਰੀਤ ਨਗਰ ਸ਼ਿਮਲਾਪੁਰੀ ਦੇ ਵਾਸੀ ਦਲਜੀਤ ਸਿੰਘ ਉਰਫ ਕਾਕਾ ਵੱਜੋਂ ਹੋਈ ਹੈ

## ਮੁਲਾਜ਼ਮਾਂ ਨੂੰ ਬੰਦੀ ਬਣਾ ਕੇ ਐੱਚਡੀਐੱਫਸੀ ਬੈਂਕ ਵਿੱਚੋਂ 25 ਲੱਖ ਰੁਪਏ ਲੁੱਟੇ

**ਮਜੀਠਾ ਲੋਕ ਬਾਣੀ**- ਅੰਮ੍ਰਿਤਸਰ-ਪਠਾਨਕੋਟ ਰੋਡ 'ਤੇ ਸਥਿਤ ਪਿੰਡ ਗੋਪਾਲਪੁਰਾ ਵਿਚ ਪੰਜ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਵਲੋਂ ਮੁਲਾਜ਼ਮਾਂ ਨੂੰ ਬੰਦੀ ਬਣਾ ਕੇ ਐਚਡੀਐਫਸੀ ਬੈਂਕ ਵਿਚੋਂ 25 ਲੱਖ ਰੁਪਏ ਲੁੱਟ ਲਏ ਗਏ। ਜਾਣਕਾਰੀ ਅਨੁਸਾਰ ਥਾਣਾ ਕੱਥੂਨੰਗਲ ਅਧੀਨ ਪੈਂਦੇ ਪਿੰਡ ਗੋਪਾਲਪੁਰਾ ਸਥਿਤ ਐਚਡੀਐਫਸੀ ਬੈਂਕ ਦੀ ਬਰਾਂਚ ਵਿੱਚ ਪੰਜ ਹਥਿਆਰਬੰਦ ਵਿਅਕਤੀ ਬੈਂਕ ਅੰਦਰ ਦਾਖਲ ਹੋਏ ਤੇ ਤਿੰਨ ਪਿਸਤੌਲਾਂ ਦੀ ਨੋਕ 'ਤੇ ਬੈਂਕ ਦੇ ਕਰਮਚਾਰੀਆਂ ਤੇ ਗਾਹਕਾਂ ਨੂੰ ਬੰਦੀ ਬਣਾ




ਲਿਆ ਤੇ ਬੈਂਕ ਦਾ ਬਾਹਰਲਾ ਸ਼ਟਰ ਬੰਦ ਕਰਕੇ ਬੈਂਕ ਅੰਦਰ ਲੱਗੇ ਸੀਸੀਟੀਵੀ ਕੈਮਰੇ ਤੇ ਡੀਵੀਆਰ ਉਤਾਰ ਲਿਆ ਤੇ ਬੈਂਕ ਵਿੱਚ ਸਾਰੀ ਪਈ ਨਕਦੀ ਲੈ ਕੇ ਫਰਾਰ ਹੋ ਗਏ।

## ਮਾਛੀਵਾੜਾ ਪੁਲੀਸ ਵੱਲੋਂ ਟਰੈਵਲ ਏਜੰਟ ਗ੍ਰਿਫ਼ਤਾਰ

**ਮਾਛੀਵਾੜਾ, ਲੋਕ ਬਾਣੀ** -- ਪੁਲੀਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਦੋ ਮਾਮਲਿਆਂ ਵਿੱਚ ਗੁਰਜੀਤ ਸਿੰਘ ਵਾਸੀ ਸ਼ੇਰਪੁਰ ਬਸਤੀ ਅਤੇ ਮਹਿਲਾ ਸਤਿੰਦਰ ਕੌਰ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਟਰੈਵਲ ਏਜੰਟ ਨੇ ਰਤਨ ਕੁਮਾਰ ਨਾਮ ਦੇ ਨੌਜਵਾਨ ਤੋਂ ਅਮਰੀਕਾ ਭੇਜਣ ਲਈ ਲੱਖਾਂ ਰੁਪਏ ਲੈ ਲਏ। ਟਰੈਵਲ ਏਜੰਟ ਨੇ ਰਤਨ ਕੁਮਾਰ ਨੂੰ ਦੁਬਈ ਭੇਜ ਦਿੱਤਾ ਜਿੱਥੋਂ ਉਹ ਅੱਗੇ ਅਮਰੀਕਾ



ਨਾ ਜਾ ਸਕਿਆ ਜਿਸ ਕਾਰਨ ਉਸਨੇ ਵਾਪਸ ਆ ਕੇ ਗੁਰਜੀਤ ਸਿੰਘ ਖਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ। ਪੁਲੀਸ ਵੱਲੋਂ ਮੁਲਜ਼ਮ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ, ਪਰ ਕਥਿਤ ਦੋਸ਼ੀ ਉਸ ਦਿਨ ਤੋਂ ਭਗੌੜਾ ਸੀ। ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਵਿਜੀਲੈਂਸ ਵੱਲੋਂ 49800 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਹੌਲਦਾਰ ਕਾਬੂ



ਚੰਡੀਗੜ੍ਹ, ਲੋਕ ਬਾਣੀ--ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਪੁਲਿਸ ਥਾਣਾ ਨਕੋਦਰ ਦਿਹਾਤੀ, ਜ਼ਿਲ੍ਹਾ ਜਲੰਧਰ ਵਿਖੇ ਤਾਇਨਾਤ ਇੱਕ ਹੌਲਦਾਰ ਕੰਵਰਪਾਲ ਸਿੰਘ ਨੂੰ 49800 ਰੁਪਏ ਨਜਾਇਜ਼ ਰਿਸ਼ਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਉਸ ਨੂੰ ਜਲੰਧਰ ਦੀ ਅਦਾਲਤ ਨੇ ਇੱਕ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਨੂੰ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਮਦਰੱਸਾ ਦੇ ਵਸਨੀਕ ਲਖਵਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਹ ਇੱਕ ਪ੍ਰਾਈਵੇਟ ਕੰਪਨੀ ਵਿੱਚ ਸਕਿਓਰਿਟੀ ਗਾਰਡ ਹੈ ਅਤੇ ਉਸਨੇ ਪੀ.ਐਚ.ਜੀ. ਵਿੱਚ ਸੇਵਾ ਨਿਭਾਉਂਦੇ ਆਪਣੇ ਚਾਚੇ ਦੀ ਮੌਤ ਉਪਰੰਤ , ਸਾਲ 2017 ਵਿੱਚ ਜ਼ਿਲ੍ਹਾ ਕਮਾਂਡਰ, ਪੰਜਾਬ ਹੋਮ ਗਾਰਡ (ਪੀ.ਐਚ.ਜੀ.) ਦਫਤਰ ਫਰੀਦਕੋਟ ਵਿਖੇ ਤਰਸ ਦੇ ਆਧਾਰ 'ਤੇ ਨੌਕਰੀ ਲੈਣ ਲਈ ਅਰਜ਼ੀ ਦਿੱਤੀ ਸੀ। ਇਸ ਸਬੰਧ 'ਚ ਦੋਸ਼ੀ ਪੁਲਿਸ ਮੁਲਾਜ਼ਮ ਨੇ ਸ਼ਿਕਾਇਤਕਰਤਾ ਨੂੰ ਹੋਮ ਗਾਰਡ ਵਿੱਚ ਤਰਸ ਦੇ ਅਧਾਰ 'ਤੇ ਨੌਕਰੀ ਦਿਵਾਉਣ ਬਦਲੇ 6,50,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ। ਬੁਲਾਰੇ ਨੇ ਅੱਗੇ ਦੋਸ਼ ਲਗਾਇਆ ਕਿ ਹੌਲਦਾਰ ਨੇ ਉਸਨੂੰ ਪਹਿਲੀ ਕਿਸ਼ਤ ਵਜੋਂ 50,000 ਰੁਪਏ ਦੇਣ ਲਈ ਕਿਹਾ। ਇਸ ਤੋਂ ਬਾਅਦ, ਦੋਸ਼ੀ ਹੌਲਦਾਰ ਨੇ ਉਸਨੂੰ ਫੋਨਪੇ ਰਾਹੀਂ ਰਕਮ ਉਸਦੇ ਐਚਡੀਐਫਸੀ ਖਾਤੇ ਵਿੱਚ ਟਰਾਂਸਫਰ ਕਰਨ ਲਈ ਵਾਰ-ਵਾਰ ਜ਼ੋਰ ਪਾਉਣ ਲੱਗਾ। ਜਿਸ ਕਾਰਨ ਸ਼ਿਕਾਇਤਕਰਤਾ ਨੇ ਚਾਰ ਟਰਾਂਜੈਕਸ਼ਨਾਂ ਵਿੱਚ 10,000 ਰੁਪਏ (ਪ੍ਰਤੀ ਟਰਾਂਜੈਕਸ਼ਨ) ਟਰਾਂਸਫਰ ਕੀਤੇ ਅਤੇ ਬਾਅਦ ਵਿੱਚ 9800 ਹੋਰ ਰੁਪਏ ਟਰਾਂਸਫਰ ਕਰਵਾਏ। ਇਸ ਤਰ੍ਹਾਂ ਸ਼ਿਕਾਇਤਕਰਤਾ ਨੇ ਉਕਤ ਮੁਲਾਜ਼ਮ ਦੇ ਐਚਡੀਐਫਸੀ ਖਾਤੇ ਵਿੱਚ ਕੁੱਲ 49,800 ਰੁਪਏ ਭੇਜੇ।

ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਸਾਬਤ ਹੋ ਗਿਆ ਹੈ ਕਿ ਉਕਤ ਹੌਲਦਾਰ ਨੇ ਸ਼ਿਕਾਇਤਕਰਤਾ ਤੋਂ ਰਿਸ਼ਵਤ ਲਈ ਸੀ। ਇਸ ਤਫ਼ਤੀਸ਼ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਰਾਧਾ ਸੁਆਮੀ ਡੇਰਾ ਬਿਆਸ ਦੇ ਮੁਖੀ ਨੇ ਬਾਬਾ ਬਰਿੰਦਰ ਢਿੱਲੋਂ ਦੀ ਕੀਤੀ ਦਸਤਾਰਬੰਦੀ, ਤਸਵੀਰਾਂ ਸਾਹਮਣੇ ਆਈਆਂ



(ਲੋਕ ਬਾਣੀ) ਡੇਰਾ ਜਗਮਾਲਵਾਲੀ ਨੂੰ ਨਵਾਂ ਡੇਰਾ ਮੁਖੀ ਮਿਲ ਗਿਆ ਹੈ। ਬਾਬਾ ਬਰਿੰਦਰ ਢਿੱਲੋਂ ਦੀ ਦਸਤਾਰਬੰਦੀ ਅੱਜ ਡੇਰਾ ਜਗਮਾਲ ਵਾਲੀ ਵਿਖੇ ਕੀਤੀ ਗਈ।

ਤਸਵੀਰਾਂ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਦਸਤਾਰ ਸਜਾਉਣ ਦੀ ਰਸਮ ਡੇਰਾ ਬਿਆਸ ਤੋਂ ਬਾਬਾ ਗੁਰਿੰਦਰ ਸਿੰਘ ਅਤੇ ਬਾਬਾ ਜਸਦੀਪ ਸਿੰਘ ਗਿੱਲ ਨੇ ਨਿਭਾਈ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਹੈਲੀਕਾਪਟਰ ਰਾਹੀਂ ਡੇਰਾ ਜਗਮਾਲ ਪਹੁੰਚੇ ਸਨ। ਇਸ ਮੌਕੇ ਸੰਤ ਬਲਜੀਤ ਸਿੰਘ ਦਾਦੂਵਾਲ ਵੀ ਇਕੱਠੇ ਨਜ਼ਰ ਆਏ।

ਤੁਹਾਨੂੰ ਦੱਸ ਦੇਈਏ ਕਿ ਹਾਲ ਹੀ ਵਿੱਚ ਪੰਜਾਬ ਵਿੱਚ ਹੀ ਨਹੀਂ ਸਗੋਂ ਦੇਸ਼-ਵਿਦੇਸ਼ ਵਿੱਚ ਪ੍ਰਸਿੱਧ ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਆਪਣੇ ਉੱਤਰਾਧਿਕਾਰੀ ਦਾ ਐਲਾਨ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਉਨ੍ਹਾਂ ਨੇ 45 ਸਾਲਾ ਜਸਦੀਪ ਸਿੰਘ ਗਿੱਲ ਨੂੰ ਆਪਣਾ ਵਾਰਿਸ ਥਾਪਿਆ ਹੈ ਅਤੇ ਸੰਗਤਾਂ ਦੇ ਨਾਮ ਕਰਨ ਦਾ ਅਧਿਕਾਰ ਵੀ ਦਿੱਤਾ ਹੈ।

# ਵੀਜ਼ਾ ਘੁਟਾਲਾ: ਅਮਰੀਕੀ ਦੂਤਾਵਾਸ ਚ ਫਸੇ ਪੰਜਾਬ ਦੇ ਮਸ਼ਹੂਰ ਏਜੰਟ, 7 ਖਿਲਾਫ ਧੋਖਾਧੜੀ ਦਾ ਮਾਮਲਾ ਦਰਜ




(ਲੋਕ ਬਾਣੀ) ਇੱਕ ਦੁਰਲੱਭ ਮਾਮਲੇ ਵਿੱਚ, ਯੂਐਸ ਅੰਬੈਸੀ ਨੇ ਪੰਜਾਬ ਦੇ ਵੀਜ਼ਾ ਏਜੰਟਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਇਨ੍ਹਾਂ ਏਜੰਟਾਂ ਤੇ ਅਮਰੀਕੀ ਵੀਜ਼ਾ ਲਈ ਜਾਅਲੀ ਕੰਮ ਦੇ ਤਜਰਬੇ ਅਤੇ ਸਿੱਖਿਆ ਸਰਟੀਫਿਕੇਟ ਜਮ੍ਹਾਂ ਕਰਾਉਣ ਦਾ ਦੋਸ਼ ਹੈ, ਤਾਂ ਜੋ ਅਮਰੀਕੀ ਸਰਕਾਰ ਨੂੰ ਗੁੰਮਰਾਹ ਕੀਤਾ ਜਾ ਸਕੇ। ਪੰਜਾਬ ਦੀਆਂ ਕੁਝ ਨਿੱਜੀ ਕੰਪਨੀਆਂ ਦੇ ਮਾਲਕਾਂ ਤੇ ਵੀ ਜਾਅਲੀ ਸਰਟੀਫਿਕੇਟ ਜਾਰੀ ਕਰਨ ਦੇ ਦੋਸ਼ ਲੱਗੇ ਹਨ। ਇਹ ਏਜੰਟ ਅਮਰੀਕੀ ਦੂਤਾਵਾਸ ਅਤੇ ਸਰਕਾਰ ਨੂੰ ਧੋਖਾ ਦੇਣ ਲਈ ਗਲਤ ਸੂਚਨਾਵਾਂ ਦਿੰਦੇ ਸਨ। ਅਮਰੀਕੀ ਦੂਤਾਵਾਸ ਦੇ ਅਧਿਕਾਰੀ ਐਰਿਕ ਸੀ ਮੋਲੀਟਰਸ ਨੇ ਇਸ ਸਬੰਧ ਵਿੱਚ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੂੰ ਸ਼ਿਕਾਇਤ ਭੇਜੀ ਸੀ, ਜਿਸ ਤੋਂ ਬਾਅਦ ਕੇਸ ਦਰਜ ਕੀਤਾ ਗਿਆ ਸੀ।

ਸ਼ਿਕਾਇਤ ਵਿੱਚ ਰੈੱਡ ਲੀਫ ਇਮੀਗ੍ਰੇਸ਼ਨ, ਓਵਰਸੀਜ਼ ਪਾਰਟਨਰ ਐਜੂਕੇਸ਼ਨ ਕੰਸਲਟੈਂਟਸ ਅਤੇ ਹੋਰ ਕੰਪਨੀਆਂ ਦੇ ਨਾਮ ਸਾਹਮਣੇ ਆਏ ਹਨ। ਅਮਰੀਕੀ ਦੂਤਘਰ ਨੇ ਪੰਜਾਬ ਪੁਲਿਸ ਤੋਂ ਇਨ੍ਹਾਂ ਸਾਰਿਆਂ ਖਿਲਾਫ ਬਣਦੀ ਕਾਰਵਾਈ ਦੀ ਮੰਗ ਕੀਤੀ ਸੀ। ਇਸ ਤੋਂ ਬਾਅਦ ਪੰਜਾਬ ਪੁਲਸ ਨੇ ਇਨ੍ਹਾਂ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਹੁਣ ਇਸ ਗੱਲ ਦੀ ਹੋਰ ਜਾਂਚ ਕਰ ਰਹੀ ਹੈ ਕਿ ਇਨ੍ਹਾਂ ਏਜੰਟਾਂ ਨੇ ਕਿੰਨੀਆਂ ਜਾਅਲੀ ਵੀਜ਼ਾ ਅਰਜ਼ੀਆਂ ਬਣਾਈਆਂ ਹਨ ਅਤੇ ਇਨ੍ਹਾਂ ਵਿਚ ਹੋਰ ਕੌਣ-ਕੌਣ ਲੋਕ ਸ਼ਾਮਲ ਹੋ ਸਕਦੇ ਹਨ।

ਇਸ ਮਾਮਲੇ ਚ ਘੱਟੋ-ਘੱਟ ਸੱਤ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚ ਅਮਨਦੀਪ ਸਿੰਘ ਅਤੇ ਪੂਨਮ ਰਾਣੀ (ਜ਼ੀਰਕਪੁਰ), ਅੰਕੁਰ ਕੇਹਰ (ਲੁਧਿਆਣਾ), ਅਕਸ਼ੈ ਸ਼ਰਮਾ ਅਤੇ ਕਮਲਜੀਤ ਕਾਂਸਲ (ਮੁਹਾਲੀ), ਰੋਹਿਤ ਭੱਲਾ (ਲੁਧਿਆਣਾ) ਅਤੇ ਕੀਰਤੀ ਸੂਦ (ਬਰਨਾਲਾ) ਸ਼ਾਮਲ ਹਨ। ਅਮਨਦੀਪ ਸਿੰਘ ਅਤੇ ਪੂਨਮ ਰਾਣੀ (ਜ਼ੀਰਕਪੁਰ): ਇਹ ਦੋਵੇਂ ਰੈੱਡ ਲੀਫ ਇਮੀਗ੍ਰੇਸ਼ਨ, ਚੰਡੀਗੜ੍ਹ ਦੇ ਭਾਈਵਾਲ ਹਨ। ਅੰਕੁਰ ਕੇਹਰ (ਲੁਧਿਆਣਾ): ਅੰਕੁਰ ਓਵਰਸੀਜ਼ ਪਾਰਟਨਰ ਐਜੂਕੇਸ਼ਨ ਕੰਸਲਟੈਂਟਸ ਦਾ ਮਾਲਕ ਹੈ। ਇਸ ਤੋਂ ਇਲਾਵਾ ਉਹ ਰੁਦਰ ਕੰਸਲਟੈਂਸੀ ਸਰਵਿਸ ਚਲਾਉਂਦਾ ਹੈ, ਜੋ ਅਮਰੀਕਾ ਦੇ ਵੀਜ਼ਿਆਂ ਲਈ ਫੰਡਾਂ ਦਾ ਪ੍ਰਬੰਧ ਕਰਨ ਦੇ ਬਦਲੇ ਮੋਟੀਆਂ ਰਕਮਾਂ ਵਸੂਲਦਾ ਸੀ।

ਮਾਮਲਾ ਉਦੋਂ ਸ਼ੁਰੂ ਹੋਇਆ ਜਦੋਂ ਅਮਰੀਕੀ ਦੂਤਾਵਾਸ ਨੇ ਪੰਜਾਬ ਦੇ ਵੀਜ਼ਾ ਏਜੰਟਾਂ ਦੁਆਰਾ ਜਮ੍ਹਾਂ ਕਰਵਾਏ ਜਾਅਲੀ ਦਸਤਾਵੇਜ਼ਾਂ ਦਾ ਪਤਾ ਲਗਾਇਆ। ਇਨ੍ਹਾਂ ਏਜੰਟਾਂ ਤੇ ਵੀਜ਼ਾ ਪ੍ਰਕਿਰਿਆ ਵਿਚ ਧੋਖਾਧੜੀ ਕਰਨ ਅਤੇ ਅਮਰੀਕੀ ਸਰਕਾਰ ਨੂੰ ਗੁੰਮਰਾਹ ਕਰਨ ਲਈ ਅਮਰੀਕੀ ਵੀਜ਼ਾ ਅਰਜ਼ੀ ਵਿਚ ਜਾਅਲੀ ਸਿੱਖਿਆ ਸਰਟੀਫਿਕੇਟ ਅਤੇ ਕੰਮ ਦੇ ਤਜਰਬੇ ਦੇ ਦਸਤਾਵੇਜ਼ ਸ਼ਾਮਲ ਕਰਨ ਦਾ ਦੋਸ਼ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਏਜੰਟ ਬਿਨੈਕਾਰਾਂ ਤੋਂ ਮੋਟੀਆਂ ਫੀਸਾਂ ਵਸੂਲ ਕੇ ਉਨ੍ਹਾਂ ਦੀਆਂ ਵੀਜ਼ਾ ਅਰਜ਼ੀਆਂ ਲਈ ਜਾਅਲੀ ਸਰਟੀਫਿਕੇਟ ਤਿਆਰ ਕਰਦੇ ਸਨ। ਇਨ੍ਹਾਂ ਵਿੱਚ ਫਰਜ਼ੀ ਕੰਮ ਦਾ ਤਜਰਬਾ ਅਤੇ ਸਿੱਖਿਆ ਸਰਟੀਫਿਕੇਟ ਸ਼ਾਮਲ ਸਨ। ਇਹ ਦਸਤਾਵੇਜ਼ ਅਮਰੀਕੀ ਦੂਤਾਵਾਸ ਨੂੰ ਅਸਲੀ ਸਰਟੀਫਿਕੇਟ ਵਜੋਂ ਪੇਸ਼ ਕੀਤੇ ਗਏ ਸਨ।

# ਪੰਜਾਬ ਚ ਭਿਆਨਕ ਅੱਗ ਦਾ ਕਹਿਰ, 3 ਮਜ਼ਦੂਰਾਂ ਦੀ ਮੌਤ



ਚੰਡੀਗੜ੍ਹ(ਲੋਕ ਬਾਣੀ)

ਬਠਿੰਡਾ ਦੇ ਡੱਬਵਾਲੀ ਰੋਡ ਤੇ ਪੈਂਦੇ ਪਿੰਡ ਗਹਿਰੀ ਬੁੱਟਰ ਚ ਉਸ ਸਮੇਂ ਦਰਦਨਾਕ ਘਟਨਾ ਵਾਪਰੀ ਜਦੋਂ ਗੱਦੇ ਦੀ ਫੈਕਟਰੀ ਚ ਲੱਗੀ ਭਿਆਨਕ ਅੱਗ ਚ 3 ਮਜ਼ਦੂਰਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਗੱਦੇ ਦੀ ਫੈਕਟਰੀ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ ਅਤੇ ਅੱਗ ਦੀਆਂ ਲਪਟਾਂ ਦੂਰ-ਦੂਰ ਤੱਕ ਦਿਖਾਈ ਦੇ ਰਹੀਆਂ ਸਨ। ਅੱਗ ਇੰਨੀ ਭਿਆਨਕ ਸੀ ਕਿ ਇਹ ਤੇਜ਼ੀ ਨਾਲ ਫੈਲ ਰਹੀ ਸੀ। ਅੱਗ ਲੱਗਣ ਕਾਰਨ ਫੈਕਟਰੀ ਦਾ ਸ਼ੈਡ ਢਹਿ ਗਿਆ। ਇਸ ਘਟਨਾ ਦੌਰਾਨ ਅੰਦਰ ਕੰਮ ਕਰ ਰਹੇ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ। ਫਾਇਰ ਬ੍ਰਿਗੇਡ ਨੇ ਮੌਕੇ ਤੇ ਪਹੁੰਚ ਕੇ ਬੜੀ ਮੁਸ਼ਕਲ ਨਾਲ ਅੱਗ ਤੇ ਕਾਬੂ ਪਾਇਆ। ਘਟਨਾ ਦੌਰਾਨ ਮਾਰੇ ਗਏ ਮਜ਼ਦੂਰ ਨੇੜਲੇ ਪਿੰਡ ਸ਼ੇਰਗੜ੍ਹ ਦੇ ਰਹਿਣ ਵਾਲੇ ਦੱਸੇ ਜਾਂਦੇ ਹਨ। ਉਨ੍ਹਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ ਹੈ।

# ਗਲਾਡਾ ਵੱਲੋਂ ਕਟਾਣੀ ਕਲਾਂ ਚ ਅਣਅਧਿਕਾਰਤ ਕਲੋਨੀ ਤੇ ਕਾਰਵਾਈ, ਪੜ੍ਹੋ ਪੂਰੀ ਖ਼ਬਰ

ਲੁਧਿਆਣਾ, (ਲੋਕ ਬਾਣੀ) - ਗਲਾਡਾ ਵੱਲੋਂ ਕਟਾਣੀ ਕਲਾਂ ਵਿਖੇ ਅੱਜ ਇੱਕ ਅਣਅਧਿਕਾਰਤ ਕਲੋਨੀ ਤੇ ਕਾਰਵਾਈ ਕੀਤੀ ਗਈ। ਮੁੱਖ ਪ੍ਰਸ਼ਾਸਕ ਗਲਾਡਾ ਹਰਪ੍ਰੀਤ ਸਿੰਘ, ਆਈ.ਏ.ਐਸ. ਵੱਲੋਂ ਗੈਰ-ਕਾਨੂੰਨੀ ਕਲੋਨੀਆਂ ਤੇ ਸ਼ਿਕੰਜਾ ਕੱਸਦਿਆਂ ਕਿਹਾ ਕਿ ਅਣਅਧਿਕਾਰਤ ਅਤੇ ਗੈਰ-ਯੋਜਨਾਬੱਧ ਤਰੀਕੇ ਨਾਲ ਕੀਤੀਆਂ ਉਸਾਰੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਗੈਰ-ਕਾਨੂੰਨੀ ਕਲੋਨੀਆਂ ਵਿੱਚ ਸਸਤੇ ਪਲਾਟ ਵੇਚਣ ਦੀ ਆੜ ਵਿੱਚ ਕਾਨੂੰਨੀ ਪ੍ਰਵਾਨਗੀ ਅਤੇ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਭੋਲੇ-ਭਾਲੇ ਵਸਨੀਕਾਂ ਨਾਲ ਧੱਕੇਸ਼ਾਹੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ।

ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ-ਕਮ-ਸਮਰੱਥ ਅਥਾਰਟੀ ਓਜਸਵੀ, ਆਈ.ਏ.ਐਸ. ਦੁਆਰਾ ਕਾਰਵਾਈ ਕਰਨ ਲਈ ਜਾਰੀ ਕੀਤੇ ਹੁਕਮਾਂ ਦੀ ਪਾਲਣਾ ਕਰਦਿਆਂ ਡਿਊਟੀ ਮੈਜਿਸਟ੍ਰੇਟ, ਪੁਲਿਸ ਫੋਰਸ ਅਤੇ ਗਲਾਡਾ ਦੀ ਇਨਫੋਰਸਮੈਂਟ ਟੀਮ ਜਿਸ ਵਿੱਚ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ), ਸਹਾਇਕ ਟਾਊਨ ਪਲਾਨਰ (ਰੈਗੂਲੇਟਰੀ), ਸਬ-ਡਵੀਜ਼ਨਲ ਇੰਜੀਨੀਅਰ, ਗਲਾਡਾ, ਜੂਨੀਅਰ ਇੰਜੀਨੀਅਰ (ਰੈਗੂਲੇਟਰੀ) ਸ਼ਾਮਲ ਸਨ, ਨੇ ਇੱਕ ਅਣਅਧਿਕਾਰਤ ਕਲੋਨੀ ਵਿਰੁੱਧ ਕਾਰਵਾਈ ਕੀਤੀ ਹੈ। ਅੱਜ 18 ਸਤੰਬਰ, 2024 ਨੂੰ ਕਟਾਣੀ ਕਲਾਂ, ਲੁਧਿਆਣਾ ਵਿਖੇ ਅਣਅਧਿਕਾਰਿਤ ਕਲੋਨੀ ਦੀਆਂ ਸੜਕਾਂ, ਚਾਰਦੀਵਾਰੀ, ਰਸਤਿਆਂ, ਸਟਰੀਟ ਲਾਈਟਾਂ, ਸੀਵਰੇਜ ਦੇ ਮੈਨਹੋਲਾਂ ਅਤੇ ਇਨ੍ਹਾਂ ਥਾਵਾਂ ਤੇ ਹੋਰ ਨਾਜਾਇਜ਼ ਉਸਾਰੀਆਂ ਅਤੇ ਢਾਂਚਿਆਂ ਨੂੰ ਢਹਿ-ਢੇਰੀ ਕੀਤਾ ਗਿਆ।

ਜਦੋਂ ਡਿਵੈਲਪਰਾਂ ਨੂੰ ਨੋਟਿਸ ਦੇਣ ਦੇ ਬਾਵਜੂਦ ਵੀ ਉਨ੍ਹਾਂ ਗੈਰ-ਕਾਨੂੰਨੀ ਉਸਾਰੀ ਦਾ ਕੰਮ ਬੰਦ ਨਹੀਂ ਕੀਤਾ ਤਾਂ ਇਕ ਵਿਸ਼ੇਸ਼ ਟੀਮ ਵੱਲੋਂ ਕਾਰਵਾਈ ਆਰੰਭੀ ਗਈ, ਜੋ ਬਿਨਾਂ ਵਿਰੋਧ ਨੇਪਰੇ ਚੜ੍ਹੀ। ਸ਼ੁਰੂਆਤੀ ਪੜਾਅ ਤੇ ਗੈਰ-ਕਾਨੂੰਨੀ ਕਲੋਨੀਆਂ ਦੀ ਰੋਕਥਾਮ ਲਈ ਗਲਾਡਾ ਆਉਣ ਵਾਲੇ ਹਫ਼ਤਿਆਂ ਵਿੱਚ ਅਜਿਹੀਆਂ ਹੋਰ ਮੁਹਿੰਮਾਂ ਦੀ ਯੋਜਨਾ ਬਣਾ ਰਿਹਾ ਹੈ।



ਮੁੱਖ ਪ੍ਰਸ਼ਾਸਕ, ਗਲਾਡਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਣਅਧਿਕਾਰਤ ਕਲੋਨੀਆਂ ਵਿੱਚ ਜਾਇਦਾਦ/ਪਲਾਟ/ਇਮਾਰਤਾਂ ਦੀ ਖਰੀਦ ਨਾ ਕਰਨ ਕਿਉਂਕਿ ਗਲਾਡਾ ਕੋਈ ਵੀ ਸਹੂਲਤ ਜਿਵੇਂ ਕਿ ਵਾਟਰ ਸਪਲਾਈ, ਸੀਵਰੇਜ, ਬਿਜਲੀ ਕੁਨੈਕਸ਼ਨ, ਸਟਰੀਟ ਲਾਈਟਾਂ ਆਦਿ ਪ੍ਰਦਾਨ ਨਹੀਂ ਕਰੇਗਾ। ਉਨ੍ਹਾਂ ਦੇ ਮਨਜ਼ੂਰ ਕੀਤੇ ਨਕਸ਼ੇ ਗਲਾਡਾ ਦੀ ਅਧਿਕਾਰਤ ਵੈੱਬਸਾਈਟ ਤੇ ਉਪਲਬਧ ਹਨ, ਜੋ ਕਿ ਸੰਭਾਵੀ ਖਰੀਦਦਾਰਾਂ ਦੁਆਰਾ ਕੋਈ ਵੀ ਜਾਇਦਾਦ ਖਰੀਦਣ ਤੋਂ ਪਹਿਲਾਂ ਜਾਂਚੇ ਜਾ ਸਕਦੇ ਹਨ।

ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਨੇ ਦੱਸਿਆ ਕਿ ਗੈਰ-ਕਾਨੂੰਨੀ ਕਲੋਨੀਆਂ ਤੇ ਕਾਰਵਾਈ ਦੀ ਮੁਹਿੰਮ ਚਲਾਉਣ ਦੇ ਨਾਲ-ਨਾਲ ਅਜਿਹੀਆਂ ਕਲੋਨੀਆਂ ਦੇ ਡਿਵੈਲਪਰਾਂ ਵਿਰੁੱਧ ਐਫ.ਆਈ.ਆਰ., ਕਲੋਨੀਆਂ ਵਿੱਚ ਪਲਾਟਾਂ ਦੀ ਰਜਿਸਟਰੀ ਨਾ ਕਰਵਾਉਣ ਲਈ ਸਬੰਧਤ ਤਹਿਸੀਲਦਾਰਾਂ, ਬਿਜਲੀ ਦੇ ਕੁਨੈਕਸ਼ਨ ਨਾ ਦੇਣ ਲਈ ਪੀ.ਐਸ.ਪੀ.ਸੀ.ਐਲ. ਨੂੰ ਵੀ ਅਗਾਊਂ ਸਿਫਾਰਸ਼ ਕੀਤੀ ਗਈ ਹੈ।

# ਨੈਸ਼ਨਲ ਹਾਈਵੇਅ ਤੇ ਪਲਟੀ ਸੇਬਾਂ ਨਾਲ ਭਰੀ ਕਾਰ, ਲੋਕਾਂ ਨੇ ਉਹ ਕਰ ਦਿਖਾਇਆ ਜਿਸ ਦੀ ਕਦੇ ਉਮੀਦ ਵੀ ਨਹੀਂ..



ਗੁਰਦਾਸਪੁਰ (ਲੋਕ ਬਾਣੀ) ਸ਼ਹਿਰ ਦੇ ਬਾਈਪਾਸ ਤੇ ਨੈਸ਼ਨਲ ਹਾਈਵੇ ਤੇ ਸੇਬਾਂ ਨਾਲ ਭਰੀ ਗੱਡੀ ਪਲਟ ਗਈ। ਇਸ ਤੋਂ ਬਾਅਦ ਸਾਰੇ ਸੇਬ ਨੈਸ਼ਨਲ ਹਾਈਵੇ ਤੇ ਖਿੱਲਰ ਗਏ। ਡਰਾਈਵਰ ਦਾ ਕਹਿਣਾ ਹੈ ਕਿ ਡਿਵਾਈਡਰ ਤੋਂ ਅਚਾਨਕ ਗਾਂ ਨਿਕਲਣ ਕਾਰਨ ਉਹ ਗਾਂ ਨੂੰ ਬਚਾਉਂਦੇ ਹੋਏ ਡਿਵਾਈਡਰ ਨਾਲ ਟਕਰਾ ਗਿਆ, ਜਿਸ ਕਾਰਨ ਇਹ ਹਾਦਸਾ ਵਾਪਰਿਆ।

ਸਵੇਰੇ ਨੈਸ਼ਨਲ ਹਾਈਵੇ ਤੇ ਜਾ ਰਹੇ ਲੋਕਾਂ ਨੇ ਡਰਾਈਵਰ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਲੋਕਾਂ ਨੇ ਦੱਸਿਆ ਕਿ ਜ਼ਿਆਦਾਤਰ ਲੋਕ ਸੜਕ ਤੇ ਵਾਹਨ ਚਾਲਕਾਂ ਦੀ ਬੇਵਸੀ ਦਾ ਫਾਇਦਾ ਉਠਾਉਂਦੇ ਹਨ ਅਤੇ ਇਸ ਮੌਕੇ ਮਦਦ ਦੀ ਲੋੜ ਪੈਣ ਤੇ ਉਸ ਦਾ ਸਮਾਨ ਚੋਰੀ ਕਰ ਲੈਂਦੇ ਹਨ । ਇਸ ਕਾਰਨ ਲੋਕਾਂ ਨੇ ਡਰਾਈਵਰ ਦੀ ਮਦਦ ਕੀਤੀ। ਹਾਲਾਂਕਿ ਕੁਝ ਘੰਟਿਆਂ ਬਾਅਦ ਹੀ ਸਬਜ਼ੀ ਮੰਡੀ ਦੇ ਵਪਾਰੀ ਨੇ ਆਪਣੀ ਇਕ ਗੱਡੀ ਭੇਜ ਕੇ ਮਾਲ ਨੂੰ ਮੁੜ ਲੋਡ ਕਰਕੇ ਵਾਪਸ ਭੇਜਣ ਦਾ ਕੰਮ ਸ਼ੁਰੂ ਕਰ ਦਿੱਤਾ।

# ਰਿਕੀ ਪੋਂਟਿੰਗ ਬਣੇ ਪੰਜਾਬ ਕਿੰਗਜ਼ ਦੇ ਹੈੱਡ ਕੋਚ, ਟ੍ਰੇਵਰ ਬੇਲਿਸ ਦੀ ਲੈਣਗੇ ਜਗ੍ਹਾ



ਨਵੀਂ ਦਿੱਲੀ (ਲੋਕ ਬਾਣੀ)- ਪੰਜਾਬ ਕਿੰਗਜ਼ (PBKS) ਨੇ ਸਾਬਕਾ ਆਸਟ੍ਰੇਲੀਆਈ ਕਪਤਾਨ ਰਿਕੀ ਪੋਂਟਿੰਗ ਨੂੰ IPL 2025 ਸੀਜ਼ਨ ਲਈ ਆਪਣੀ ਟੀਮ ਦਾ ਮੁੱਖ ਕੋਚ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ ਉਹ ਪਿਛਲੇ ਸੱਤ ਸਾਲਾਂ ਤੋਂ ਦਿੱਲੀ ਕੈਪੀਟਲਜ਼ (ਡੀਸੀ) ਦੇ ਕੋਚ ਸਨ ਅਤੇ ਦੋ ਮਹੀਨੇ ਪਹਿਲਾਂ ਹੀ ਵੱਖ ਹੋ ਗਏ ਸਨ।ਰਿਪੋਰਟ ਮੁਤਾਬਕ ਪੋਂਟਿੰਗ ਨੇ ਪੀਬੀਕੇਐਸ ਨਾਲ ਇਕ ਸਾਲ ਤੋਂ ਵੱਧ ਸਮੇਂ ਲਈ ਕਰਾਰ ਕੀਤਾ ਹੈ ਅਤੇ ਹੁਣ ਉਹ ਆਪਣੇ ਕੋਚਿੰਗ ਸਟਾਫ ਦੇ ਹੋਰ ਮੈਂਬਰਾਂ ਦੀ ਚੋਣ ਕਰੇਗਾ।

ਇਸ ਤੋਂ ਪਹਿਲਾਂ ਪੰਜਾਬ ਦੇ ਕੋਚਿੰਗ ਸਟਾਫ ਵਿੱਚ ਟ੍ਰੇਵਰ ਬੇਲਿਸ (ਮੁੱਖ ਕੋਚ), ਸੰਜੇ ਬੰਗੜ (ਕ੍ਰਿਕੇਟ ਵਿਕਾਸ ਦੇ ਮੁਖੀ), ਚਾਰਲ ਲੈਂਗਵੇਲਡ (ਫਾਸਟ ਗੇਂਦਬਾਜ਼ੀ ਕੋਚ) ਅਤੇ ਸੁਨੀਲ ਜੋਸ਼ੀ (ਸਪਿਨ ਗੇਂਦਬਾਜ਼ੀ ਕੋਚ) ਸ਼ਾਮਲ ਹਨ।

# ਅੰਮ੍ਰਿਤਸਰ ਦੇ 8463 ਬੈਂਕ ਚ ਬੰਦੂਕ ਦੀ ਨੋਕ ਤੇ 24 ਲੱਖ ਦੀ ਲੁੱਟ, ਬਦਮਾਸ਼ਾਂ ਨੇ 3 ਮਿੰਟ ਚ ਵਾਰਦਾਤ ਨੂੰ ਦਿੱਤਾ ਅੰਜਾਮ

ਅੰਮ੍ਰਿਤਸਰ- (ਲੋਕ ਬਾਣੀ) ਲਗਾਤਾਰ ਹੀ ਪੰਜਾਬ ਵਿੱਚ ਲੁੱਟਖੋਹ ਤੇ ਕਤਲ ਦੀਆਂ ਵਾਰਦਾਤਾਂ ਵਧਦੀਆਂ ਜਾ ਰਹੀਆਂ ਜਿਸ ਤੋਂ ਬਾਅਦ ਪੁਲਿਸ ਲਈ ਇਹ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਹਾਲਾਂਕਿ ਪੁਲਿਸ ਵੱਲੋਂ ਸਮੇਂ-ਸਮੇਂ ਤੇ ਨਾਕੇਬੰਦੀਆਂ ਕਰਕੇ ਲੁੱਟਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਨੂੰ ਕਾਬੂ ਕੀਤਾ ਜਾ ਰਿਹਾ ਲੇਕਿਨ ਲੁਟੇਰੇ ਫਿਰ ਵੀ ਪੁਲਿਸ ਦਾ ਡਰ ਖੌਫ ਤੋਂ ਬਿਨਾਂ ਹੀ ਵੱਡੀਆਂ ਲੁੱਟਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਤਾਜ਼ਾ ਮਾਮਲਾ ਅੰਮ੍ਰਿਤਸਰ ਦੇ ਥਾਣਾ ਕਥੂਨੰਗਲ ਅਧੀਨ ਆਉਂਦੇ ਗੋਪਾਲਪੁਰਾ ਦਾ ਹੈ ਜਿੱਥੇ ਕਿ ਪੰਜ ਲੁਟੇਰਿਆਂ ਵੱਲੋਂ ਇੱਕ ਬੈਂਕ ਨੂੰ ਆਪਣਾ ਨਿਸ਼ਾਨਾ ਬਣਾਇਆ ਗਿਆ। ਅਤੇ ਪਿਸਤੋਲ ਦੀ ਨੋਕ ਤੇ ਬੈਂਕ ਦੇ ਵਿੱਚ 24 ਲੱਖ ਰੁਪਏ ਦੀ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ।ਬਦਮਾਸ਼ਾਂ ਨੇ ਸਿਰਫ 3 ਮਿੰਟ ਚ ਪੂਰੀ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੌਕੇ ਤੇ ਪਹੁੰਚੇ ਐਸਐਸਪੀ ਦੇ ਹਾਥੀ ਚਰਨਜੀਤ ਸਿੰਘ ਨੇ ਦੱਸਿਆ ਕਿ ਥਾਣਾ ਕਥੂਨੰਗਲ ਅਧੀਨ ਆਉਂਦੇ ਗੋਪਾਲਪੁਰਾ ਵਿੱਚ ਐਚਡੀਐਫਸੀ ਬੈਂਕ ਦੇ ਵਿੱਚ 24 ਲੱਖ ਰੁਪਏ ਦੀ ਲੁੱਟ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ ਉਹਨਾਂ ਨੇ ਦੱਸਿਆ ਕਿ ਇਹ ਲੁੱਟ ਦੀ ਵਾਰਦਾਤ ਨੂੰ ਪੰਜ ਲੁਟੇਰਿਆਂ ਨੇ ਅੰਜਾਮ ਦਿੱਤਾ ਹੈ ਉਹਨਾਂ ਦੱਸਿਆ ਕਿ ਪੰਜ ਲੁਟੇਰੇ ਦੋ ਮੋਟਰਸਾਈਕਲਾਂ ਦੇ ਸਵਾਰ ਹੋ ਕੇ ਬੈਂਕ ਦੇ ਬਾਹਰ ਆਏ ਤੇ ਪੰਜੇ ਲੁਟੇਰੇ ਬੈਂਕ ਦੇ ਅੰਦਰ ਦਾਖਲ ਹੋ ਕੇ ਉਹਨਾਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਲੁਟੇਰੇ ਜਾਂਦੇ ਹੋਏ ਬੈਂਕ ਚ ਲੱਗੇ ਸੀਸੀਟੀਵੀ ਕੈਮਰਿਆਂ ਦੇ ਡੀਵੀਆਰ ਤੱਕ ਨਾਲ ਲੈ ਗਏ ਹਨ। ਫਿਲਹਾਲ ਪੁਲਿਸ ਸਾਰੇ ਮਾਮਲੇ ਦੀ ਜਾਂਚ ਵਿੱਚ ਲੱਗੀ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਜਲਦ ਹੀ ਇਹਨਾਂ ਲੁਟੇਰਿਆਂ ਨੂੰ ਗਿਰਫਤਾਰ ਕਰ ਲਿਆ ਜਾਵੇਗਾ।



ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਵੱਧ ਰਹੀਆਂ ਲੁੱਟ ਖੋਹ ਤੇ ਕਤਲ ਦੀਆਂ ਵਾਰਦਾਤਾਂ ਨੂੰ ਦੇਖਦੇ ਹੋਏ ਪਿਛਲੇ ਦੋ ਦਿਨਾਂ ਤੋਂ ਲਗਾਤਾਰ ਕਾਂਗਰਸ ਪਾਰਟੀ ਵੱਲੋਂ ਪੰਜਾਬ ਦੇ ਵੱਖ-ਵੱਖ ਹਲਕਿਆਂ ਦੇ ਵਿੱਚ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਦੇ ਖਿਲਾਫ ਵੱਡੇ ਪ੍ਰਦਰਸ਼ਨ ਵੀ ਕੀਤੇ ਜਾ ਰਹੇ ਹਨ। ਇਸ ਦੌਰਾਨ ਅੰਮ੍ਰਿਤਸਰ ਦੇ ਠਾਣਾ ਕਥਨੰਗਲ ਅਧੀਨ ਆਉਂਦੇ ਗੋਪਾਲਪੁਰਾ ਵਿਖੇ ਇੱਕ ਬੈਂਕ ਦੇ ਵਿੱਚ ਦਿਨ ਦਿਹਾੜੇ ਪਿਸਤੋਲ ਦੀ ਨੋਕ ਦੇ ਉੱਪਰ ਲੁੱਟ ਹੋਣਾ ਪੁਲਿਸ ਪ੍ਰਸ਼ਾਸਨ ਦੇ ਉੱਪਰ ਕਈ ਤਰ੍ਹਾਂ ਦੇ ਸਵਾਲ ਖੜੇ ਕਰਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪੁਲਿਸ ਐਨਾਲ ਲੁਟੇਰਿਆਂ ਨੂੰ ਕਦੋਂ ਤੱਕ ਗ੍ਰਿਫਤਾਰ ਕਰਨ ਦੇ ਵਿੱਚ ਸਫਲ ਹੁੰਦੀ ਹੈ।

# ਸਾਵਧਾਨ ! ਬਿਜਲੀ ਬਿੱਲ ਜਮਾਂ ਨਾ ਕਰਵਾਉਣ ਵਾਲੇ ਡਿਫਾਲਟਰਾਂ ਦੇ ਕੱਟੇ ਜਾਣਗੇ ਕਨੈਕਸ਼ਨ

## ਚੀਫ ਇੰਜੀਨੀਅਰ ਦੇਸ ਰਾਜ ਬੰਗੜ ਨੇ ਅਧਿਕਾਰੀਆਂ, ਕਰਮਚਾਰੀਆਂ ਨੂੰ ਜਾਰੀ ਕੀਤੇ ਦਿਸ਼ਾ ਨਿਰਦੇਸ਼

ਅੰਮ੍ਰਿਤਸਰ, (ਲੋਕ ਬਾਣੀ)- ਬਿਜਲੀ ਵਿਭਾਗ ਪੀ.ਐਸ.ਪੀ ਸੀ.ਐਲ ਆਪਣੇ ਖਪਤਕਾਰਾਂ ਦੀਆਂ ਸਹੂਲਤਾਂ ਨੂੰ ਲੈ ਕੇ ਅਤੇ ਨਿਰੰਤਰ ਸਪਲਾਈ ਸਬੰਧੀ ਕੋਈ ਵੀ ਕਸਰ ਬਾਕੀ ਨਹੀਂ ਛੱਡ ਰਿਹਾ ਹੈ। ਪਰ ਫਿਰ ਵੀ ਬਿਜਲੀ ਵਿਭਾਗ ਦੇ ਦਿਨ ਬ ਦਿਨ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਚੱਲਦਿਆਂ ਹੁਣ ਵਿਭਾਗ ਡਿਫਾਲਟਰਾਂ ਤੇ ਆਪਣਾ ਪੂਰਾ ਸ਼ਿਕੰਜਾ ਕੱਸਣ ਜਾ ਰਿਹਾ ਹੈ। ਬਿਜਲੀ ਦੀ ਚੋਰੀ ਕਰਨ ਜਾਂ ਬਕਾਇਆ ਬਿੱਲ ਰਕਮ ਜਮਾ ਨਾ ਕਰਾਉਣ ਦੀ ਸੂਰਤ ਵਿੱਚ ਵਿਭਾਗ ਦੇ ਉੱਚ ਅਧਿਕਾਰੀ ਸਖਤੀ ਦਾ ਰੁੱਖ ਅਪਣਾਉਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ।

ਇਸ ਸਬੰਧੀ ਚੀਫ ਇੰਜੀਨੀਅਰ ਬਾਰਡਰ ਜੋਨ ਦੇਸ ਰਾਜ ਬੰਗੜ ਨੇ ਵਿਸ਼ੇਸ਼ ਤੌਰ ਤੇ ਗੱਲਬਾਤ ਦੌਰਾਨ ਦੱਸਿਆ ਕਿ ਡੋਮੈਸਟਿਕ ਅਤੇ ਕਮਰਸ਼ੀਅਲ ਡਿਫਾਲਟਰਾਂ ਤੋਂ ਇਲਾਵਾ ਸਰਕਾਰੀ ਵਿਭਾਗਾਂ ਵੱਲ ਵੀ ਕਰੋੜਾਂ ਰੁਪਏ ਬਕਾਇਆ ਨਿਕਲ ਰਿਹਾ ਹੈ। ਕਈ ਸਰਕਾਰੀ ਵਿਭਾਗਾਂ ਵੱਲ ਇੱਕ ਕਰੋੜ ਤੋਂ ਵੱਧ ਵੀ ਬਿਜਲੀ ਦਾ ਬਿੱਲ ਬਕਾਇਆ ਹੈ। ਉਹਨਾਂ ਨੇ ਕਿਹਾ ਕਿ ਬਿਜਲੀ ਵਿਭਾਗ ਨੂੰ ਆਰਥਿਕ ਤੌਰ ਤੇ ਮਜਬੂਤ ਕਰਨ ਦੇ ਉਦੇਸ਼ ਦੇ ਨਾਲ ਹੁਣ ਕਿਸੇ ਵੀ ਡਿਫਾਲਟਰ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਸਬੰਧੀ ਅਧਿਕਾਰੀਆਂ ਦੇ ਨਾਲ ਕੀਤੀਆਂ ਬੈਠਕਾਂ ਦੇ ਦੌਰਾਨ ਆਦੇਸ਼ ਜਾਰੀ ਕਰ ਦਿੱਤੇ ਗਏ ਹਨ।

ਦੇਸ ਰਾਜ ਬੰਗੜ ਨੇ ਡਿਫਾਲਟਰਾਂ ਨੂੰ ਤਾੜਨਾ ਦਿੰਦੇ ਹੋਏ ਕਿਹਾ ਕਿ ਡੋਮੈਸਟਿਕ ਬਿਜਲੀ ਸਪਲਾਈ ਵਾਲਿਆਂ ਜਿਸ ਦਾ ਵੀ 50 ਹਜਾਰ ਰੁਪਏ ਤੋਂ ਉੱਪਰ ਬਕਾਇਆ ਨਿਕਲ ਰਿਹਾ ਹੈ ਉਸਦਾ ਸਿੱਧੇ ਤੌਰ ਤੇ ਬਿਜਲੀ ਕਨੈਕਸ਼ਨ ਕੱਟ ਦਿੱਤਾ ਜਾਵੇਗਾ। ਜਿਸ ਦੌਰਾਨ ਕਮਰਸ਼ੀਅਲ ਬਿੱਲ ਰਕਮ ਜਮਾ ਨਾ ਕਰਾਉਣ ਵਾਲਿਆਂ ਨਾਲ ਵੀ ਕਿਸੇ ਤਰ੍ਹਾਂ ਦਾ ਰਾਜ਼ੀਨਾਮਾ ਨਾ ਕਰਦੇ ਹੋਏ ਬਿਜਲੀ ਕਨੈਕਸ਼ਨ ਕੱਟੇ ਜਾਣਗੇ। ਬੰਗੜ ਨੇ ਕਿਹਾ ਕਿ ਜਿਨਾਂ ਲੋਕਾਂ ਦੇ ਲਗਾਤਾਰ ਘਰਾਂ ਵਿੱਚ ਨਾ ਹੋਣ ਜਾਂ ਕਿਸੇ ਮਜਬੂਰੀ ਦੇ ਚੱਲਦਿਆਂ ਬਿੱਲਾਂ ਦੀ ਰਕਮ ਅਦਾਇਗੀ ਵੱਧ ਗਈ ਹੈ। ਉਹਨਾਂ ਲੋਕਾਂ ਨੂੰ ਵਿਭਾਗ ਮੌਕਾ ਜਰੂਰ ਦੇਵੇਗਾ, ਅਜਿਹੇ ਖਪਤਕਾਰ ਕਿਸੇ ਵੀ ਲਾਈਨਮੈਨ ਜਾਂ ਜੇ.ਈ ਦੇ ਝਾਂਸੇ ਵਿੱਚ ਨਾ ਆਉਂਦੇ ਹੋਏ ਸਿੱਧੇ ਤੌਰ ਤੇ ਬਿਜਲੀ ਬਿੱਲ ਦੀਆਂ ਕਿਸਤਾਂ ਕਰਾਉਣ ਲਈ ਲਿਖਤੀ ਪੱਤਰ ਦੇ ਨਾਲ ਇਲਾਕੇ ਦੇ ਐਸ.ਡੀ.ਓ ਦੇ ਨਾਲ



ਸੰਪਰਕ ਕਰ ਸਕਦੇ ਹਨ। ਉਹਨਾਂ ਨੇ ਕਿਹਾ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਆਪਣੀ ਕਾਰਵਾਈ ਕਰਨ,ਉਸ ਤੋਂ ਪਹਿਲਾਂ ਬਿਜਲੀ ਦੇ ਬਿੱਲ ਜਮਾ ਨਾ ਕਰਵਾਉਣ ਵਾਲੇ ਖਪਤਕਾਰ ਬਕਾਇਆ ਬਿਜਲੀ ਦੇ ਬਿੱਲਾਂ ਦੇ ਪੈਸੇ ਖੁਦ ਹੀ ਜਮਾ ਕਰਵਾ ਦੇਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਭਾਗ ਡਿਫਾਲਟਰਾਂ ਤੇ ਕਾਨੂੰਨੀ ਕਾਰਵਾਈ ਕਰਦਾ ਹੋਇਆ ਸਖਤੀ ਦੇ ਨਾਲ ਪੇਸ਼ ਆਵੇਗਾ।

ਰੋਜ਼ਾਨਾ ਲੋਕ ਬਾਣੀ
www.lokbani

# ਜੋਗਿੰਦਰ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਅੱਠ ਲਾਭਪਾਤਰੀਆਂ ਨੂੰ ਸੌਂਪੀਆਂ ਤਿਆਰ ਘਰਾਂ ਦੀਆਂ ਚਾਬੀਆਂ

## 13 ਹੋਰ ਮੰਨਜ਼ੂਰੀ ਪੱਤਰ ਵੀ ਲੋੜਵੰਦ ਪਰਿਵਾਰਾਂ ਨੂੰ ਦਿੱਤੇ







ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਫਗਵਾੜਾ ਵਿਖੇ ਅੱਜ ਬੀ.ਡੀ. ਪੀ.ਓ. ਰਾਮਪਾਲ ਰਾਣਾ ਦੀ ਅਗਵਾਈ ਹੇਠ ਲੋੜਵੰਦਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਤਿਆਰ ਕੀਤੇ 8 ਘਰਾਂ ਦੀਆਂ ਚਾਬੀਆਂ ਅਤੇ 13 ਨਵੇਂ ਯੋਜਨਾ ਅਧੀਨ ਪਾਸ ਘਰਾਂ ਦੇ ਲਾਭਪਾਤਰੀਆਂ ਨੂੰ ਮੰਜ਼ੂਰੀ ਪੱਤਰ ਦੇਣ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਐਸ. ਡੀ.ਐਮ. ਜਸ਼ਨਜੀਤ ਸਿੰਘ ਅਤੇ ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਉਹਨਾਂ ਜਿੱਥੇ ਤਿਆਰ ਹੋਏ 8 ਮਕਾਨਾਂ ਦੀਆਂ ਚਾਬੀਆਂ ਲੋੜਵੰਦ ਲਾਭਪਾਤਰੀਆਂ ਨੂੰ ਦਿੱਤੀਆਂ ਉੱਥੇ ਹੀ 13 ਨਵੇਂ ਪਾਸ ਹੋਏ ਘਰਾਂ ਦੇ ਮੰਨਜ਼ੂਰੀ ਪੱਤਰ ਵੀ ਦਿੱਤੇ। ਜੋਗਿੰਦਰ ਸਿੰਘ ਮਾਨ ਨੇ ਜਿੱਥੇ 8 ਲਾਭਪਾਤਰੀਆਂ ਨੂੰ ਚਾਬੀਆਂ ਦਿੰਦੇ ਹੋਏ ਸ਼ੁੱਭ ਇੱਛਾਵਾਂ ਦਿੱਤੀਆਂ ਉੱਥੇ ਹੀ ਮੰਨਜ਼ੂਰੀ ਪੱਤਰ ਦਿੰਦੇ ਹੋਏ 13 ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਉਹਨਾਂ ਨੂੰ ਵੀ ਜਲਦੀ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਤਿਆਰ ਘਰ ਦੁਆਉਣ ਦਾ ਪ੍ਰਬੰਧ ਕਰੇਗੀ ਮਾਨ ਨੇ ਕਿਹਾ ਕਿ ਹਰੇਕ ਗਰੀਬ ਪਰਿਵਾਰ ਦੇ ਲਈ ਪੱਕੀ ਛੱਤ ਵਾਲਾ ਘਰ ਮੁਢਲੀ ਜਰੂਰਤ ਹੈ ਪਰ ਅਫਸੋਸ ਦੀ ਗੱਲ ਹੈ ਕਿ ਆਜਾਦੀ ਦੇ ਇੰਨੇ ਸਾਲ ਬਾਅਦ ਵੀ ਬਹੁਤ ਸਾਰੀ ਆਬਾਦੀ ਇਸ ਮੁਢਲੀ ਜਰੂਰਤ ਤੋਂ ਵਾਂਝੀ ਹੈ। ਇਸ ਮੌਕੇ ਸੀਨੀਅਰ ਆਪ ਆਗੂ ਦਲਜੀਤ ਸਿੰਘ ਰਾਜੂ, ਹਰਮੇਸ਼ ਪਾਠਕ, ਬਲਾਕ ਪ੍ਰਧਾਨ ਵਰੁਣ ਬੰਗੜ ਚੱਕ ਹਕੀਮ, ਗੁਰਦੀਪ ਸਿੰਘ ਤੁੱਲੀ ਕੋਆਰਡੀਨੇਟਰ ਵਪਾਰ ਸੈੱਲ ਫਗਵਾੜਾ, ਰਾਜੇਸ਼ ਕੋਲਸਰ ਬਲਾਕ ਪ੍ਰਧਾਨ, ਮਨਜੀਤ ਵਾਹਿਦ, ਹਰਜੀਤ ਸਿੰਘ ਸਰਪੰਚ, ਪ੍ਰਿਤਪਾਲ ਕੌਰ ਤੁਲੀ, ਅਮਨਦੀਪ ਕੌਰ, ਮੋਨਿਕਾ ਸ਼ਰਮਾ, ਕੇਸ਼ੀ ਗੰਡਵਾਂ, ਜਤਿੰਦਰ ਸਿੰਘ, ਰਵੀ ਖਾਟੀ, ਮੋਨੂੰ ਗੁਜਰਾਤਾਂ, ਮਨਪ੍ਰੀਤ ਗੁਜਰਾਤਾਂ ਆਦਿ ਹਾਜਰ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਸਮਾਜ ਸੇਵਾ ਦੇ ਕਾਰਜਾਂ ਵਿੱਚ ਅੱਗੇ ਰਹਿਣ ਵਾਲੀ ਮਹਿਲਾ ਪੂਜਾ ਲੂਥਰਾ ਸਚਦੇਵਾ ਨੂੰ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਰਤਨ ਪੰਜਾਬ ਦੇ ਐਵਾਰਡ ਨਾਲ ਸਨਮਾਨਿਤ ਕੀਤਾ




ਫਾਜ਼ਿਲਕਾ: (ਲੋਕ ਬਾਣੀ) ਸਮਾਜ ਸੇਵਾ ਦੇ ਕਾਰਜਾਂ ਵਿੱਚ ਅੱਗੇ ਰਹਿਣ ਵਾਲੀ ਸੰਸਥਾ ਡਾ. ਬੀ.ਡੀ. ਸਚਦੇਵਾ ਵੈਲਫੇਅਰ ਸੋਸਾਇਟੀ ਦੀ ਜਰਨਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੂੰ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ, ਸੀ.ਜੀ.ਐਮ ਮਹਿੰਦਰ ਕੁਮਾਰ, ਪੰਜਾਬੀ ਜਾਗਰਣ ਸੰਪਾਦਕ ਵਰਿੰਦਰ ਸਿੰਘ ਵਾਲੀਆ, ਦੈਨਿਕ ਜਾਗਰਣ ਸੰਪਾਦਕ ਅਮਿਤ ਸ਼ਰਮਾ ਨੇ ਰਤਨ ਪੰਜਾਬ ਦੇ ਐਵਾਰਡ ਨਾਲ ਸਨਮਾਨਿਤ ਕੀਤਾ। ਜਾਣਕਾਰੀ ਅਨੁਸਾਰ ਇਹ ਪ੍ਰੋਗਰਾਮ 18 ਸਤੰਬਰ, ਬੁੱਧਵਾਰ ਨੂੰ ਜ਼ੀਰਕਪੁਰ ਸਥਿਤ ਰੈਡੀਸਨ ਹੋਟਲ ਵਿੱਚ ਹੋਇਆ। ਜਿਸ ਵਿੱਚ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਪ੍ਰੋਗਰਾਮ ਦੌਰਾਨ ਜਾਗਰਣ ਸਮੂਹ ਅਤੇ ਮੁੱਖ ਮਹਿਮਾਨ ਕੁਲਤਾਰ ਸੰਧਵਾ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਉਲਲੇਖਣੀਯ ਕੰਮ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਪੂਜਾ ਲੂਥਰਾ ਸਚਦੇਵਾ ਨੂੰ ਸਮਾਜ ਸੇਵਾ ਦੇ ਖੇਤਰ ਵਿੱਚ ਨਿਸਵਾਰਥ ਸੇਵਾਵਾਂ ਲਈ ਰਤਨ ਪੰਜਾਬ ਦੇ ਐਵਾਰਡ ਨਾਲ ਨਵਾਜਿਆ ਗਿਆ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਅਜੈ ਸਚਦੇਵਾ ਬੰਟੀ, ਸੁਭਾਸ਼ ਕੰਬੋਜ, ਅਰੁਣ ਗਗਨੇਜਾ, ਗੁਰਪ੍ਰੀਤ ਸਿੰਘ, ਮੇਘਾ ਅਤੇ ਯਾਸ਼ਿਕਾ ਮੌਜੂਦ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੰਗੜੋਆ ਸਕੂਲ ਵਿਖੇ ਜਾਗਰੂਕਤਾ ਸੈਮੀਨਾਰ



ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ,ਮਨਪ੍ਰੀਤ ਵਾਸੂ)ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੰਗੜੋਆ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪ੍ਰੀਆ ਸੂਦ ਦੇ ਦਿਸ਼ਾ- ਨਿਰਦੇਸ਼ਾਂ ਹੇਠ ਅਤੇ ਡਾਕਟਰ ਅਮਨਦੀਪ ਸੀ. ਜੇ. ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਪੈਰਾ ਲੀਗਲ ਵਲੰਟੀਅਰਜ਼ ਵਾਸਦੇਵ ਪਰਦੇਸੀ ਅਤੇ ਦੇਸ ਰਾਜ ਬਾਲੀ ਦੁਆਰਾ ਸੈਮੀਨਾਰ ਲਗਾਇਆ ਗਿਆ। ਸੰਸਥਾ ਦੇ ਮੁਖੀ ਡਾ.ਸੁਰਿੰਦਰ ਪਾਲ ਅਗਨੀਹੋਤਰੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਪੈਰਾ ਲੀਗਲ ਵਲੰਟੀਅਰਜ਼ ਵਾਸਦੇਵ ਪਰਦੇਸੀ ਨੇ ਬੱਚਿਆਂ ਨੂੰ ਕਾਨੂੰਨੀ ਸੇਵਾਵਾਂ ਅਥਾਰਟੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਸਰਕਾਰੀ ਪ੍ਰਾਪਰਟੀਆਂ ਨੂੰ ਨੁਕਸਾਨ ਪਹੁੰਚਾਉਣਾ ਕਾਨੂੰਨੀ ਅਪਰਾਧ ਹੈ। ਅਜਿਹਾ ਕਰਨ ਨਾਲ ਦੋਸ਼ੀ ਤੇ ਕਾਰਵਾਈ ਕੀਤੀ ਜਾ ਸਕਦੀ ਹੈ। ਵਲੰਟੀਅਰ ਦੇਸ ਰਾਜ ਬਾਲੀ ਨੇ ਬੱਚਿਆਂ ਨੂੰ ਬਾਲ ਅਪਰਾਧ/ਕਾਨੂੰਨ, ਪੋਸਕੋ ਐਕਟ, ਨਾਬਾਲਗ ਵਿਆਹ, ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਹੋਰ ਸਮਾਜਿਕ ਕੁਰੀਤੀਆਂ ਵਿਰੁੱਧ ਜਾਗਰੂਕ ਕੀਤਾ। ਉਨ੍ਹਾਂ ਬੱਚਿਆਂ ਨੂੰ ਹੈਲਪਲਾਈਨ ਨੰਬਰ ਯਾਦ ਕਰਵਾਏ ਤੇ ਕਿਹਾ ਕਿ ਲੋੜ ਪੈਣ ਤੇ ਇਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਆਏ ਹੋਏ ਵਲੰਟੀਅਰਜ਼ ਵਲੋਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਪ੍ਰਿੰਸੀਪਲ ਡਾ. ਅਗਨੀਹੋਤਰੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਤੇ ਸਨਮਾਨ ਕੀਤਾ। ਇਸ ਮੌਕੇ ਸੰਸਥਾ ਦੇ ਵਾਈਸ ਪ੍ਰਿੰਸੀਪਲ ਮੈਡਮ ਗੁਨੀਤ, ਰਜਨੀ ਬਾਲਾ, ਅਮਨਦੀਪ ਕੌਰ, ਹਰਿੰਦਰ ਸਿੰਘ, ਕਲਪਨਾ ਬੀਕਾ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਨਗਰ ਨਿਗਮ ਦਾ ਸਿਹਤ ਵਿਭਾਗ ਕਿਸੇ ਨੂੰ ਗੱਫੇ ਤੇ ਕਿਸੇ ਨੂੰ ਧੱਕੇ

## ਕਈ ਚੀਫ ਸੈਂਟਰੀ ਇੰਸਪੈਕਟਰ ਸਾਂਭੀ ਬੈਠੇ ਨੇ ਸੈਂਟਰੀ ਇੰਸਪੈਕਟਰਾਂ ਦੀਆਂ ਕਈ ਵਾਰਡਾਂ

ਅੰਮ੍ਰਿਤਸਰ, (ਲੋਕ ਬਾਣੀ)- ਗੁਰੂ ਨਗਰੀ ਦੀਆਂ ਵਾਰਡਾਂ ਦੇ ਵਿੱਚ ਅਕਸਰ ਗੰਦਗੀ ਦੇ ਢੇਰ ਲੱਗੇ ਨਜ਼ਰ ਆਉਂਦੇ ਹਨ। ਸ਼ਹਿਰ ਦੇ ਦਰਜਨਾਂ ਸਥਾਨਾਂ ਉੱਪਰ ਕੂੜੇ ਦੇ ਡੰਪ ਬਣਾ ਦਿੱਤੇ ਗਏ ਹਨ। ਜਿਸ ਤੇ ਚੱਲਦਿਆਂ ਸ਼ਹਿਰ ਵਾਸੀਆਂ ਦੇ ਨੱਕ ਦੇ ਵਿੱਚ ਦਮ ਆਇਆ ਹੋਇਆ। ਪਰ ਨਗਰ ਨਿਗਮ ਸਿਹਤ ਵਿਭਾਗ ਦੀ ਅੰਦਰ ਖਾਤੇ ਦੀ ਰਾਜਨੀਤੀ ਸਿਖਰਾਂ ਤੇ ਰਹਿੰਦੀ ਹੈ। ਮੁਲਾਜ਼ਿਮ ਹੀ ਮੁਲਾਜ਼ਿਮ ਨੂੰ ਠਿੱਬੀ ਲਗਾ ਰਹੇ ਹਨ। ਵਿਭਾਗ ਦੇ ਚੀਫ ਸੈਂਟਰੀ ਇੰਸਪੈਕਟਰਾਂ ਦਾ ਕੰਮ ਵਾਰਡਾਂ ਤੇ ਤੈਨਾਤ ਸੈਂਟਰੀ ਇੰਸਪੈਕਟਰਾਂ ਦੇ ਕੋਲੋਂ ਸਹੀ ਅਤੇ ਮਾੜੀ ਕੰਮਕਾਜ ਦੀ ਰਿਪੋਰਟ ਲੈ ਕੇ ਉੱਚ ਅਧਿਕਾਰੀਆਂ ਤੱਕ ਪਹੁੰਚਾਉਣ ਦੇ ਨਾਲ ਡੇਂਗੂ ਲਾਰਵਾ ਸਮੇਤ ਹੋਰ ਕੰਮ ਹੁੰਦੇ ਹਨ। ਪਰ ਕਈ ਚੀਫ ਸੈਂਟਰੀ ਇੰਸਪੈਕਟਰ ਆਪਣੀਆਂ ਚਮ ਦੀਆਂ ਚਲਾ ਰਹੇ ਹਨ। ਜਿਨ੍ਹਾਂ ਵੱਲੋਂ ਵਾਰਡਾਂ ਉੱਪਰ ਸੈਂਟਰੀ ਇੰਸਪੈਕਟਰ ਤੈਨਾਤ ਕਰਨ ਦੀ ਜਗ੍ਹਾ ਵਾਰਡਾਂ ਨੂੰ ਖੁਦ ਆਪਣੀ ਜਾਗੀਰ ਬਣਾਇਆ ਜਾ ਰਿਹਾ ਹੈ। ਉੱਚ ਅਧਿਕਾਰੀਆਂ ਦੀ ਮਿਲੀਭੁਗਤ ਦੇ ਚੱਲਦਿਆਂ ਹੇਠਲੇ ਕਰਮਚਾਰੀਆਂ ਨੂੰ ਆਪਣੀ ਮਨ ਮਰਜ਼ੀ ਨਾਲ ਲਗਾਇਆ ਅਤੇ ਮਨ ਮਰਜ਼ੀ ਨਾਲ ਹਟਾ ਦਿੱਤਾ ਜਾਂਦਾ ਹੈ। ਜਾਣਕਾਰੀ ਮੁਤਾਬਕ ਕਿਸੇ ਨੂੰ ਗੱਫੇ ਅਤੇ ਕਿਸੇ ਨੂੰ ਧੱਕੇ ਗੱਲ ਦੀ ਤਰ੍ਹਾਂ ਨਗਰ ਨਿਗਮ ਸਿਹਤ ਵਿਭਾਗ ਵੱਲੋਂ 16 ਅਗਸਤ 2024 ਨੂੰ ਜਾਰੀ ਇੱਕ ਲਿਸਟ ਦੇ ਮੁਤਾਬਿਕ ਕਿਸੇ ਸੈਂਟਰੀ ਇੰਸਪੈਕਟਰ ਦੇ ਕੋਲ 10 ਤੋਂ 12 ਵਾਰਡਾਂ ਤੱਕ ਵੀ ਹਨ, ਜਦ ਕਿ ਕਿਸੇ ਨਾਲ ਮੱਤਭੇਦ ਰੱਖਦੇ ਹੋਏ ਸਿਰਫ ਇੱਕ ਵਾਰਡ ਹੀ ਦਿੱਤੀ ਗਈ ਹੈ। ਸੈਂਟਰੀ ਇੰਸਪੈਕਟਰਾਂ ਦੀ ਗੱਲ ਕਰੀਏ ਤਾਂ ਹਲਕਾ ਪੂਰਬੀ ਵਿੱਚ ਚਾਰ,ਹਲਕਾ ਕੇਂਦਰੀ ਵਿੱਚ ਛੇ,ਹਲਕਾ ਨੌਰਥ ਵਿੱਚ ਪੰਜ,ਹਲਕਾ ਦੱਖਣੀ ਵਿੱਚ ਚਾਰ ਅਤੇ ਹਲਕਾ ਪੱਛਮੀ ਵਿੱਚ ਵੀ ਚਾਰ ਸੈਂਟਰੀ ਇੰਸਪੈਕਟਰ ਤੈਨਾਤ ਕੀਤੇ ਗਏ ਹਨ। ਕਈ ਚਹੇਤੇ ਸੈਂਟਰੀ ਇੰਸਪੈਕਟਰਾਂ ਨੂੰ ਦੋ-ਦੋ ਹਲਕਿਆਂ ਵਿੱਚ ਵੀ ਤੈਨਾਤ ਕੀਤਾ ਹੋਇਆ ਹੈ।




ਨਗਰ ਨਿਗਮ ਅੰਮ੍ਰਿਤਸਰ ਵਿੱਚ ਕਰੀਬ 17 ਸੌ ਸਫਾਈ ਕਰਮਚਾਰੀ ਹਨ ਜਿਨਾਂ ਵਿੱਚੋਂ ਕਰੀਬ 1 ਹਜ਼ਾਰ ਕਰਮਚਾਰੀ ਸਫਾਈ ਸੇਵਕ ਵਜੋਂ ਕੰਮ ਕਾਜ ਕਰ ਰਹੇ ਹਨ। ਬਾਕੀ ਰਹਿੰਦੇ ਸਫਾਈ ਕਰਮਚਾਰੀ ਇਲਾਕਿਆਂ ਵਿੱਚੋਂ ਗੰਦਗੀ ਉਠਾਉਣ ਵਾਲੇ ਵਾਹਨਾਂ ਦੇ ਨਾਲ,ਬਾਗਬਾਨੀ,ਕਈ ਅਧਿਕਾਰੀਆਂ ਦੀ ਖਿਦਮਤ ਸਮੇਤ ਹੋਰ ਕੰਮਾਂ ਤੇ ਤੈਨਾਤ ਹਨ। ਵਾਰਡਾਂ ਵੀ ਸਫਾਈ ਨੂੰ ਲੈ ਕੇ ਕੱਚੇ ਕਰਮਚਾਰੀ ਵੀ ਕੰਮ ਕਰ ਰਹੇ ਹਨ। ਕਈ ਅਧਿਕਾਰੀਆਂ ਅਤੇ ਸਫਾਈ ਕਰਮਚਾਰੀਆਂ ਦੇ ਵਨ ਸਵੰਨੇ ਕਿੱਸੇ ਅਕਸਰ ਸੁਣਨ ਨੂੰ ਮਿਲਦੇ ਹਨ। ਜਿਸ ਦੀ ਮਿਸਾਲ ਵਜੋਂ ਕੁਝ ਦਿਨ ਪਹਿਲਾਂ ਵੀ ਸਫਾਈ ਕਰਮਚਾਰੀਆਂ ਵੱਲੋਂ ਨਗਰ ਨਿਗਮ ਦੇ ਗੇਟ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਜਿਸ ਦੌਰਾਨ ਵੀਡੀਓ ਰਿਕਾਰਡਿਗਾਂ ਵਿੱਚ ਸਫਾਈ ਕਰਮਚਾਰੀ ਸ਼ਰੇਆਮ ਆਪਣੇ ਉੱਚ ਅਧਿਕਾਰੀਆਂ ਵੱਲੋਂ ਪੈਸੇ ਮੰਗੇ ਜਾਣ ਦੇ ਆਰੋਪ ਲਗਾ ਰਹੇ ਹਨ। ਜਿਸ ਨੂੰ ਲੈ ਕੇ ਅਧਿਕਾਰੀਆਂ ਵੱਲੋਂ ਅਗਲੇ ਦਿਨ ਬੈਠ ਕੇ ਹੀ ਆਪਸ ਵਿੱਚ ਮੁਕਮੁਕਾ ਕਰ ਲਿਆ ਗਿਆ। ਕਰਮਚਾਰੀਆਂ ਦੀ ਮੰਨੀਏ ਤਾਂ ਨਗਰ ਨਿਗਮ ਵਿੱਚ ਮੁਲਾਜ਼ਿਮ ਹੀ ਮੁਲਾਜ਼ਿਮ ਦੇ ਹੱਕਾਂ ਨੂੰ ਖਾ ਰਿਹਾ ਹੈ। ਮਗਰਮੱਛਾਂ ਵੱਲੋਂ ਕਈ ਮਛਲੀਆਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਜਿਨਾਂ ਵਿੱਚੋਂ ਡਿਊਟੀ ਤੇ ਨਾ ਆਉਣ,ਡਿਊਟੀ ਦੇ ਟਾਈਮ ਤੋਂ ਜਲਦੀ ਚਲੇ ਜਾਣ ਅਤੇ ਪੂਰੀ ਡਿਊਟੀ ਕਰਨ ਵਾਲਿਆਂ ਨਾਲ ਵੀ ਅੰਡਰਟੇਬਲ ਸੈਟਿਗਾਂ ਕੀਤੀਆਂ ਜਾਂਦੀਆਂ ਹਨ। ਇਹ ਅੰਡਰਟੇਬਲ ਗੱਲਾਂ ਉੱਚ ਅਧਿਕਾਰੀਆਂ ਅਤੇ ਕਈ ਯੂਨੀਅਨਾਂ ਦੇ ਆਗੂਆਂ ਨਾਲ ਟੇਬਲ ਦੇ ਉੱਪਰ ਕਰਕੇ ਜੇਬਾਂ ਗਰਮ ਕਰਦੇ ਹੋਏ ਇੱਕ ਦੂਸਰੇ ਨੂੰ ਖ਼ੁਸ਼ ਕੀਤਾ ਜਾ ਰਿਹਾ ਹੈ। ਮੁੱਕਦੀ ਗੱਲ ਕਰੀਏ ਤਾਂ ਨਿਗਮ ਦੇ ਲਗਭਗ ਸਾਰੇ ਵਿਭਾਗਾਂ ਵਿੱਚ ਹੇਠਲਾ ਕਰਮਚਾਰੀ ਹੀ ਪਿਸ ਰਿਹਾ ਹੈ। ਰੱਬ ਕਰੇ ਸਰਕਾਰ ਦਾ ਕੋਈ ਅਜਿਹਾ ਚੰਗਾ ਨੇਤਾ ਜਾਂ ਰੋਹਬਦਾਰ ਕਮਿਸ਼ਨਰ ਆਵੇ ਜੋ ਬਿਨਾਂ ਕਿਸੇ ਲਾਲਚ ਅਤੇ ਇਮਾਨਦਾਰੀ ਨਾਲ ਕੰਮ ਕਰਦੇ ਹੋਏ ਦੂਸਰਿਆਂ ਦੇ ਹੱਕਾਂ ਤੇ ਡਾਕਾ ਮਾਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨੱਥ ਪਾਵੇ।

ਰੋਜ਼ਾਨਾ ਲੋਕ ਬਾਣੀ www.lokbani

# ਇਸੂਜ਼ੂ ਮੋਟਰਸ ਨੇ ਨਵਾਂ ਕੈਬ ਚੈਸਿਸ ਵੇਰੀਐਂਟ ਪੇਸ਼ ਕੀਤਾ




ਮੋਹਾਲੀ, (ਲੋਕ ਬਾਣੀ) ਵਪਾਰਕ ਵਾਹਨ ਖੇਤਰ ਵਿੱਚ ਗਾਹਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, ਇਸੂਜ਼ੂ ਮੋਟਰਸ ਨੇ ਹੁਣ ਇੱਕ ਨਵਾਂ ਕੈਬ ਚੈਸਿਸ ਵੇਰੀਐਂਟ ਲਾਂਚ ਕੀਤਾ ਹੈ। ਇਸ ਲਾਂਚ ਦੇ ਨਾਲ, ਇਸੂਜ਼ੂ ਮੋਟਰਸ ਨੇ ਭਾਰਤ ਵਿੱਚ ਆਪਣੀ ਡੀ-ਮੈਕਸ ਕਮਰਸ਼ੀਅਲ ਪਿਕਅਪ ਵਾਹਨ ਰੇਂਜ ਦਾ ਵਿਸਤਾਰ ਕੀਤਾ ਹੈ। ਇਹ ਕੈਬ 9,99,999 ਰੁਪਏ ਐਕਸ-ਸ਼ੋਰੂਮ ਚੇਨਈ ਦੀ ਕੀਮਤ ਤੇ ਉਪਲਬਧ ਹੈ। ਨਵਾਂ ਇਸੂਜ਼ੂ ਡੀ-ਮੈਕਸ 1.7 ਸਿੰਗਲ ਕੈਬ ਚੈਸੀਸ ਸਟੈਂਡਰਡ ਵੇਰੀਐਂਟ ਵੱਖ-ਵੱਖ ਕਾਰੋਬਾਰਾਂ ਵਿੱਚ ਲੰਬੀ ਦੂਰੀ ਦੇ ਵਾਹਨ ਐਪਲੀਕੇਸ਼ਨਾਂ ਵਿੱਚ ਕੰਮ ਕਰ ਰਹੇ ਗਾਹਕਾਂ ਦੀਆਂ ਲੋੜਾਂ ਨੂੰ ਪੂਰਾ ਕਰੇਗਾ, ਜਿਸ ਵਿੱਚ ਖਰਾਬ ਹੋਣ ਵਾਲੀਆਂ ਚੀਜ਼ਾਂ, ਐੱਫ.ਐੱਮ.ਸੀ.ਜੀ, ਭੋਜਨ ਅਤੇ ਕੇਟਰਿੰਗ, ਲਾਸ੍ਟ ਮੀਲ ਡਿਲੀਵਰੀ ਆਦਿ ਸ਼ਾਮਲ ਹਨ। ਇਹ ਖਪਤਕਾਰ ਹੁਣ ਆਪਣੇ ਕਾਰੋਬਾਰ ਦੀ ਲੋੜ ਅਨੁਸਾਰ ਆਪਣੀ ਲੋਡ ਬਾਡੀ ਬਣਾ ਸਕਣਗੇ। ਇਹ ਇੱਕ ਹੈਵੀ ਡਿਊਟੀ ਆਈਗ੍ਰਿਪ ਚੈਸੀ ਤੇ ਬਣਾਇਆ ਗਿਆ ਹੈ ਜੋ ਬਿਹਤਰ ਸੁਰੱਖਿਆ ਪ੍ਰਦਾਨ ਕਰਦਾ ਹੈ। ਨਵੇਂ ਵੇਰੀਐਂਟ ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕੰਪਨੀ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਟੋਰੂ ਕਿਸ਼ਿਮੋਟੋ ਨੇ ਕਿਹਾ ਕਿ ਇਸੂਜ਼ੂ ਡੀ-ਮੈਕਸ 1.7 ਸਿੰਗਲ ਕੈਬ ਚੈਸਿਸ ਸਟੈਂਡਰਡ ਵੇਰੀਐਂਟ ਨਾਲ ਕੰਪਨੀ ਖਪਤਕਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਚ ਕਾਰਗਰ ਸਾਬਤ ਹੋਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਕੈਬ ਖਪਤਕਾਰਾਂ ਨੂੰ ਤਰੱਕੀ ਦੇ ਰਾਹ ਤੇ ਅੱਗੇ ਵਧਣ ਚ ਮਦਦ ਕਰੇਗੀ।

ਰੋਜ਼ਾਨਾ ਲੋਕ ਬਾਣੀ www.lokbani

# ਫਾਰਮੇਸੀ ਆਫਿਸਰਜ਼ ਐਸੋਸੀਏਸ਼ਨ ਵੱਲੋਂ ਸਾਥੀ ਅਸ਼ੋਕ ਸ਼ਰਮਾ ਨਾਲ ਦੁੱਖ ਦਾ ਪ੍ਰਗਟਾਵਾ

ਰੋਜ਼ਾਨਾ ਲੋਕ ਬਾਣੀ www.lokbani

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਨਰਿੰਦਰ ਮੋਹਣ ਸ਼ਰਮਾ, ਜਨਰਲ ਸਕੱਤਰ ਸੁਨੀਲ ਦੱਤ ਸ਼ਰਮਾ, ਵਿੱਤ ਸਕੱਤਰ ਗੁਰਦੀਪ ਸਿੰਘ ਅਤੇ ਪ੍ਰੈਸ ਸਕੱਤਰ ਕਰਮਜੀਤ ਸਿੰਘ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਹੈ ਕਿ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਜ਼ਿਲ੍ਹਾ ਅਮ੍ਰਿਤਸਰ ਦੇ ਪ੍ਰਧਾਨ ਅਤੇ ਸੂਬਾ ਕਾਰਜਕਾਰਨੀ ਮੈਂਬਰ ਸਾਥੀ ਅਸ਼ੋਕ ਕੁਮਾਰ ਸ਼ਰਮਾ ਦੇ ਮਾਤਾ ਸ਼੍ਰੀਮਤੀ ਚਾਂਦ ਰਾਣੀ ਜੀ ਦੇ ਸਦੀਵੀ ਵਿਛੋੜਾ ਦੇਣ ਤੇ ਜੱਥੇਬੰਦੀ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਅਤੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਦੀ ਕਾਮਨਾ ਕੀਤੀ ਜਾਂਦੀ ਹੈ। ਜੱਥੇਬੰਦੀ ਦੇ ਸੂਬਾ ਆਗੂ ਰਾਜ ਕੁਮਾਰ ਕੁੱਕਰ, ਮੀਨਾਕਸ਼ੀ ਧੀਰ, ਬਲਰਾਜ ਸਿੰਘ, ਅਨਿਲ ਮਿਤਲ, ਸਰਬਰਿੰਦਰ ਸਿੰਘ ਚਾਹਲ, ਸੁਖਮੰਦਰ ਸਿੰਘ ਸਿੱਧੂ, ਚੰਦਰਕਾਂਤ ਬਾਂਸਲ, ਜਤਿੰਦਰ ਕੌਰ, ਕਰਮਜੀਤ ਸਿੰਘ, ਸੁਖਦੀਪ ਸ਼ਰਮਾਂ ਨੇ ਕਿਹਾ ਕਿ ਮਾਤਾ ਜੀ ਦੇ ਸੰਸਕਾਰਾਂ ਸਦਕਾ ਹੀ ਸਾਥੀ ਅਸ਼ੋਕ ਸ਼ਰਮਾ ਫਾਰਮੇਸੀ ਅਫਸਰਾਂ ਸਹਿਤ ਸਮੁੱਚੇ ਮੁਲਾਜ਼ਮ ਵਰਗ ਦੀਆਂ ਸੇਵਾ ਹਾਲਤਾਂ ਨੂੰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਸੰਘਰਸ਼ਾ ਦੇ ਝੰਡਾ ਬਰਦਾਰ ਹਨ। ਆਗੂਆਂ ਨੇ ਕਿਹਾ ਕਿ ਜੱਥੇਬੰਦੀ ਪਰਿਵਾਰ ਦੇ ਇਸ ਦੁੱਖ ਵਿੱਚ ਸ਼ਰੀਕ ਹੁੰਦੀ ਹੈ। ਇਸ ਮੌਕੇ ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸੰਦੀਪ ਸਿੰਘ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਇੰਦਰਜੀਤ ਵਿਰਦੀ, ਕਰਮਜੀਤ ਸਿੰਘ ਕੂਕਾ, ਸ਼ੁਭ ਸ਼ਰਮਾ, ਰਕੇਸ਼ ਕੁਮਾਰ, ਜੋਗਿੰਦਰ ਸਿੰਘ ਮਾਹਲਾ, ਯੁਗਲ ਕਿਸ਼ੋਰ, ਗੁਰਚਰਨ ਸਿੰਘ, ਦਰਗੇਸ਼ ਕੁਮਾਰ, ਰਾਜ ਕੁਮਾਰ ਸ਼ਰਮਾ, ਅਮ੍ਰਿਤ ਗਰਗ, ਸੁਖਦੇਵ ਬਾਂਸਲ, ਪਲਵਿੰਦਰ ਸਿੰਘ ਸਿੱਧੂ, ਨਰਾਇਣ ਰਾਮ, ਜਸਵੰਤ ਸਿੰਘ ਵੀ ਹਾਜਰ ਸਨ। ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਜ਼ਿਲ੍ਹਾ ਅਮ੍ਰਿਤਸਰ ਦੇ ਸਕੱਤਰ ਪਲਵਿੰਦਰ ਸਿੰਘ ਧੰਮੂ ਨੇ ਕਿਹਾ ਕਿ ਮਾਤਾ ਜੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਮਿਤੀ 21 ਸਤੰਬਰ ਦਿਨ ਸ਼ਨੀਵਾਰ ਨੂੰ ਸ਼ਹੀਦ ਊਧਮ ਸਿੰਘ ਯਾਦਗਾਰੀ ਭਵਨ, ਨਜ਼ਦੀਕ ਭਗਤਾਂ ਵਾਲਾ ਗੇਟ ਅੰਮ੍ਰਿਤਸਰ ਵਿਖੇ ਹੋਵੇਗਾ ਅਤੇ ਉਹਨਾਂ ਵਲੋਂ ਸਮੂਹ ਸਾਥੀਆਂ ਨੂੰ ਇਸ ਸ਼ਰਧਾਜਲੀ ਸਮਾਗਮ ਵਿੱਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਗਈ ਹੈ।

# ਜਜ਼ਬੇ ਨੂੰ ਸਲਾਮ, ਪੰਜਾਬ ਦੇ 5 ਸਾਲਾ ਤੇਗਬੀਰ ਸਿੰਘ ਨੇ ਅ.ਫਰੀਕਾ ਦੀ ਸਭ ਤੋਂ ਉੱਚੀ ਪਹਾੜੀ ਕੀਤੀ ਫਤਿਹ।

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਅਫਰੀਕਾ ਦੀ ਸਭ ਤੋਂ ਉੱਚੀ ਚੋਟੀ ਮਾਉਂਟ ਕਿਲੀਮੰਜਾਰੋ ਨੂੰ ਫਤਿਹ ਕਰਨ ਵਾਲੇ 5 ਸਾਲਾਂ ਤੇਗਬੀਰ ਸਿੰਘ ਦਾ ਆਸਰਾ ਫਾਊਂਡੇਸ਼ਨ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਦੱਸਣਯੋਗ ਹੈ ਕਿ ਬੀਤੇ ਦਿਨੀਂ ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਵਲੋਂ ਸਥਾਨਕ ਵਿਰਾਸਤ-ਏ-ਖਾਲਸਾ ਵਿਖੇ ਇਕ ਸਮਾਗਮ ਆਯੋਜਿਤ ਕੀਤਾ ਗਿਆ ਸੀ ਜਿਸ ਵਿਚ ਡਾ. ਸੰਜੀਵ ਗੌਤਮ (ਸੂਬਾ ਪ੍ਰਧਾਨ ਡਾਕਟਰ ਵਿੰਗ ਪੰਜਾਬ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਸਨ। ਇਸ ਮੌਕੇ ਡਾ. ਸੰਜੀਵ ਗੌਤਮ ਅਤੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾ. ਸੰਜੀਵ ਧਰਮਾਣੀ ਨੇ ਜਿਥੇ 5 ਸਾਲਾਂ ਤੇਗਬੀਰ ਸਿੰਘ ਦੀ ਇਸ ਵੱਡੀ ਕਾਮਯਾਬੀ ਲਈ ਉਹਨਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ ਉਥੇ ਹੀ ਉਹਨਾਂ ਕਿਹਾ ਕਿ ਤੇਗਬੀਰ ਸਿੰਘ ਦਾ ਦ੍ਰਿੜ ਇਰਾਦਾ ਸਾਡੇ ਸਾਰਿਆਂ ਲਈ ਪ੍ਰੇਰਣਾ ਸਰੋਤ ਹੈ।

ਜਿਕਰਯੋਗ ਹੈ ਕਿ ਰੋਪੜ ਦੇ ਰਹਿਣ ਵਾਲੇ 5 ਸਾਲਾ ਤੇਗਬੀਰ ਸਿੰਘ ਨੇ ਅ.ਫਰੀਕਾ ਦੇ 19,340 ਫੁੱਟ (5895 ਮੀਟਰ) ਤੋਂ ਵੱਧ ਉੱਚੇ ਮਾਊਂਟ ਕਿਲੀਮੰਜਾਰੋ ਨੂੰ ਫਤਿਹ ਕਰਕੇ ਵਿਸ਼ਵ ਰਿਕਾਰਡ ਬਣਾਇਆ ਹੈ। ਤੇਗਬੀਰ ਹੁਣ ਤੱਕ ਦਾ ਸਭ ਤੋਂ ਘੱਟ ਉਮਰ ਦਾ ਏਸ਼ੀਆਈ ਬਣ ਗਿਆ ਹੈ। ਉਸ ਨੇ 18 ਅਗਸਤ ਨੂੰ ਟ੍ਰੈਕਿੰਗ ਸ਼ੁਰੂ ਕੀਤੀ ਅਤੇ 23 ਅਗਸਤ ਨੂੰ ਸਿਖਰ ਤੇ ਪਹੁੰਚਿਆ। ਇਹ ਘੱਟ ਆਕਸੀਜਨ ਵਾਲਾ ਟ੍ਰੈਕ ਹੈ ਅਤੇ ਚੜ੍ਹਾਈ ਤੇ ਚੜ੍ਹਨ ਤੋਂ ਪਹਿਲਾਂ ਵਿਸ਼ੇਸ਼ ਤਿਆਰੀ ਦੀ ਲੋੜ ਹੁੰਦੀ ਹੈ। ਤੇਗਬੀਰ ਨੇ ਹਰ ਚੁਣੌਤੀ ਨੂੰ ਪਾਰ ਕੀਤਾ। ਇਸ ਦੇ ਨਾਲ ਹੀ ਤਨਜ਼ਾਨੀਆ ਨੈਸ਼ਨਲ ਪਾਰਕ ਦੇ ਕੰਜ਼ਰਵੇਸ਼ਨ ਕਮਿਸ਼ਨਰ ਨੇ ਤੇਗਬੀਰ ਨੂੰ ਮਾਊਂਟੇਨ ਕਲਾਈਬਿੰਗ ਸਰਟੀਫ਼ਿਕੇਟ ਦੇ ਕੇ ਸਨਮਾਨਤ ਕੀਤਾ।




ਸ਼ਿਵਾਲਿਕ ਪਬਲਿਕ ਸਕੂਲ ਵਿਚ ਪਹਿਲੀ ਜਮਾਤ ਵਿਚ ਪੜ੍ਹਨ ਵਾਲੇ ਤੇਗਬੀਰ ਤੋਂ ਪਹਿਲਾਂ ਸਰਵੀਆ ਦੇ ਓਗਨਜ਼ੇਨ ਜਿਵਕੋਵਿਕ ਨੇ 5 ਸਾਲ ਦੀ ਉਮਰ ਵਿਚ ਮਾਊਂਟ ਕਿਲੀਮੰਜਾਰੋ ਦੀ ਪਹਾੜੀ ਤੇ ਚੜ੍ਹਨ ਵਿਚ ਸ.ਫਲਤਾ ਹਾਸਲ ਕੀਤੀ ਸੀ। ਤੇਗਬੀਰ ਨੇ ਓਗਨਜੇਨ ਦੇ ਵਿਸ਼ਵ ਰਿਕਾਰਡ ਦੀ ਬਰਾਬਰੀ ਕੀਤੀ ਅਤੇ ਸਭ ਤੋਂ ਘੱਟ ਉਮਰ ਦਾ ਏਸ਼ੀਆਈ ਅਤੇ ਭਾਰਤੀ ਪਰਬਤਾਰੋਹੀ ਬਣ ਗਿਆ। ਤੇਗਬੀਰ ਨੇ ਆਪਣੀ ਸ.ਫਲਤਾ ਦਾ ਸਿਹਰਾ ਵਿਕਰਮਜੀਤ ਸਿੰਘ ਘੁੰਮਣ (ਸੇਵਾਮੁਕਤ ਹੈਂਡਬਾਲ ਕੋਚ) ਅਤੇ ਪਰਿਵਾਰ ਨੂੰ ਦਿੱਤਾ ਹੈ। ਇਸ ਸ.ਫਰ ਵਿੱਚ ਤੇਗਬੀਰ ਨਾਲ ਉਸ ਦੇ ਪਿਤਾ ਸੁਖਿੰਦਰ ਸਿੰਘ ਵੀ ਗਏ ਸਨ। ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾ. ਸੰਜੀਵ ਧਰਮਾਣੀ, ਦਵਿੰਦਰਪਾਲ ਸਿੰਘ, ਨਵੀਨ ਕੁਮਾਰ, ਅੰਕੁਸ਼ ਕੁਮਾਰ, ਜਸਦੀਪ ਸਿੰਘ ਧਾਰੀਵਾਲ, ਰਾਜ ਘਈ, ਧੀਰਜ ਘਈ, ਦੁਰੋਹੀਨ ਘਈ, ਕੰਵਲਜੋਤ ਸਿੰਘ, ਗੁਰਪ੍ਰੀਤ ਸਿੰਘ, ਫੈਸਲ ਖਾਨ, ਆਪ ਆਗੂ ਦੀਪਕ ਸੋਨੀ, .ਗਜ਼ਲ ਗਾਇਕ ਸੁਨੀਲ ਡੋਗਰਾ, ਸੁਰਜੀਤ ਸਿੰਘ, ਸਰਬਜੀਤ ਸਿੰਘ ਰੈਣੂ ਆਦਿ ਵੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਪਿੰਡ ਜਾਗੋਵਾਲ ਵਿਖੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਪਰਾਲੀ ਦੇ ਪ੍ਰਬੰਧਨ ਸਬੰਧੀ ਕਿਸਾਨਾਂ ਨੂੰ ਕੀਤਾ ਜਾਗਰੂਕ



ਮਾਲੇਰਕੋਟਲਾ :(ਕਿਮੀ ਅਰੋੜਾ,ਅਸਲਮ ਨਾਜ਼) ਪੰਜਾਬ ਸਰਕਾਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋ ਝੋਨੇ ਦੀ ਪਰਾਲੀ ਨੂੰ ਨਾ ਸਾੜਨ ਅਤੇ ਝੋਨੇ ਦੀ ਰਹਿੰਦ ਖੂੰਹਦ ਦੀ ਸੁਚੱਜੀ ਸੰਭਾਲ ਕਰਨ ਸਬੰਧੀ ਚਲਾਈ ਜਾ ਰਹੀ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਦਿਸ਼ਾ ਨਿਰਦੇਸ਼ ਹੇਠ ਜਿਲ੍ਹਾ ਅਤੇ ਬਲਾਕ ਮਾਲੇਰਕੋਟਲਾ ਦੇ ਪਿੰਡ ਜਾਗੋਵਾਲ ਵਿਖੇ ਝੋਨੇ ਦੀ ਰਹਿੰਦ ਖੂੰਹਦ ਦੀ ਸੁਚੱਜੀ ਸੰਭਾਲ ਕਰਨ ਸਬੰਧੀ ਕਿਸਾਨ ਜਾਗਰੂਕਤਾ ਕੈਪ ਦਾ ਆਯੋਜਨ ਕੀਤਾ ਗਿਆ।

ਇਸ ਕੈਂਪ ਵਿੱਚ ਇੰਦਰਦੀਪ ਕੌਰ, ਖੇਤੀਬਾੜੀ ਉਪਨਿਰੀਖਕ ਮੰਨਵੀ, ਮਾਲੇਰਕੋਟਲਾ ਨੇ ਕਿਸਾਨਾ ਨੂੰ ਝੋਨੇ ਦੀ ਪਰਾਲੀ ਦੀ ਸਾਭ ਸੰਭਾਲ ਬਾਰੇ ਮਸ਼ੀਨਰੀ ਦੀ ਵਿਸਥਾਰਪੂਰਵਕ ਜਾਣਕਾਰੀ ਸਾਝੀ ਕੀਤੀ ਅਤੇ ਉਹਨਾ ਨੇ ਕਿਸਾਨਾ ਨੂੰ ਝੋਨੇ ਦੇ ਨਾੜ ਨੂੰ ਖੇਤ ਵਿੱਚ ਮਿਲਾ ਕੇ ਉਸ ਤੋ ਮਿਲਣ ਵਾਲੇ ਖੁਰਾਕੀ ਤੱਤਾਂ ਬਾਰੇ ਜਾਣੂ ਕਰਵਾਇਆ।ਉਹਨਾ ਦੱਸਿਆ ਕਿ ਝੋਨੇ ਦੀ ਪਰਾਲੀ ਦੇ ਨਿਪਟਾਰੇ ਲਈ ਕਿਸਾਨ ਝੋਨੇ ਨੂੰ ਸੁਪਰ ਐਸ.ਐਮ.ਐਸ ਲੱਗੇ ਕੰਬਾਇਨ ਨਾਲ ਵੱਢ ਕੇ ਕਣਕ ਦੀ ਬਿਜਾਈ ਹੈਪੀ ਸੀਡਰ/ਸੁਪਰਸੀਡਰ/ਸਮਾਰਟ ਸੀਡਰ/ਸਰਫੇਸ ਸੀਡਰ ਨਾਲ ਕਰ ਸਕਦੇ ਹਨ। ਇਸ ਤੋ ਇਲਾਵਾ ਪੈਡੀ ਸਟਾਰਅ, ਚੌਪਰ ਕਮ ਸਪਰੈਡਰ ਨਾਲ ਵੀ ਫਸਲਾ ਦੀ ਰਹਿੰਦ ਖੂੰਹਦ ਨੂੰ ਕੁਤਰਾ ਕਰਕੇ ਖੇਤਾ ਵਿੱਚ ਖਿਲਾਰਨ ਲਈ ਵਰਤ ਸਕਦੇ ਹਨ। ਕੈਪ ਵਿੱਚ ਝੋਨੇ ਦੀ ਮੌਜੂਦਾ ਸਥਿਤੀ ਮੁਬਾਬਿਕ ਬਿਮਾਰੀਆਂ ਅਤੇ ਕੀਟਾਂ ਦੇ ਹੋ ਰਹੇ ਹਮਲਿਆਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋ ਸਿਫਾਰਸ਼ ਉੱਲੀਨਾਸ਼ਕ ਅਤੇ ਕੀਟਨਾਸ਼ਕਾ ਬਾਰੇ ਦੱਸਿਆ।ਇਸ ਤੋਂ ਇਲਾਵਾ ਇੰਦਰਦੀਪ ਕੌਰ, ਖੇਤੀਬਾੜੀ ਉਪਨਿਰੀਖਕ ਨੇ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ ਦੀ ਸਫਲ ਕਾਸ਼ਤ ਸਬੰਧੀ ਅਤੇ ਕਣਕ ਦੇ ਨਵੇਂ ਬੀਜਾਂ ਬਾਰੇ ਜਾਣਕਾਰੀ ਦਿੱਤੀ।

ਇਸ ਕੈਪ ਵਿੱਚ ਸੁਖਜਿੰਦਰਪਾਲ ਸਿੰਘ ਬੇਲਦਾਰ, ਹਰਿੰਦਰ ਸਿੰਘ, ਸਮਰਤਵੀਰ ਸਿੰਘ, ਗੁਰਦੀਪ ਸਿੰਘ,ਹਰਦੀਪ ਸਿੰਘ ਆਦਿ ਮੌਜੂਦ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਮੋਦੀ 3.0 ਦੇ ਪਹਿਲੇ 100 ਦਿਨਾਂ ਵਿੱਚ ਲਗਭਗ 15 ਲੱਖ ਕਰੋੜ ਰੁਪਏ ਦੀ ਯੋਜਨਾ ਸ਼ੁਰੂ ਹੋਈ




ਚੰਡੀਗੜ੍ਹ (ਲੋਕ ਬਾਣੀ), ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਤੇ ਭਾਰਤੀ ਰਾਜਨੀਤੀ ਦੇ ਚਾਣਕਯ ਅਮਿਤ ਸ਼ਾਹ ਨੇ ਮੋਦੀ 3.0 ਦੇ ਤੀਜੇ ਕਾਰਜਕਾਲ ਦੇ ਪਹਿਲੇ 100 ਦਿਨ ਦੇ ਕਾਰਡ ਤੇ ਇੱਕ ਪ੍ਰੈਸ ਵਾਰਤਾ ਨੂੰ ਸੰਬੋਧਿਤ ਕੀਤਾ। ਇਸ ਮੌਕੇ ਪਰਿਤ ਸ਼ਾਹ ਨੇ ਸਪੱਸ਼ਟ ਕੀਤਾ ਕਿ ਮੋਦੀ 3.0 ਦੀ ਸ਼ੁਰੂਆਤੀ 100 ਦਿਨ ਹਰ ਵਰਗ ਦੇ ਸਮਾਜ ਦਾ ਵਿਕਾਸ ਅਤੇ ਗਰੀਬ ਕਲਿਆਣਕਾਰੀ ਅਥਾਹ ਸੰਕਲਪ ਹਨ। ਮੋਦੀ ਜੀ ਦੇ ਤੀਜੇ ਕਾਰਜਕਾਲ ਦੇ 100 ਦਿਨ ਵਿੱਚ 15 ਲੱਖ ਕਰੋੜ ਰੁਪਏ ਦੀ ਯੋਜਨਾ ਸ਼ੁਰੂ ਕੀਤੀ ਗਈ, ਮੱਧ ਮੋਦੀ 3.0 ਦੇ 100 ਦਿਨ 'ਵਿਕਸਤ ਭਾਰਤ' ਦੇ ਨਿਰਮਾਣ ਵਿੱਚ ਇੱਕ ਮਜ਼ਬੂਤ ਨੀਵਾਂ ਰੱਖਣ ਵਾਲੇ 100 ਦਿਨ ਹਨ।

ਇੱਕ ਛੋਟੇ ਤੋਂ ਗਰੀਬ ਪਰਿਵਾਰ ਵਿੱਚ ਜਨਮ ਲੈਣ ਵਾਲੇ ਮੋਦੀ ਜੀ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਪੀਐਮ ਨੂੰ ਇਤਿਹਾਸ ਬਣਾਉਣਾ ਚਾਹੁੰਦੇ ਹਨ। ਲਗਾਤਾਰ 10 ਸਾਲ ਤਕ ਭਾਰਤ ਦੇ ਵਿਕਾਸ ਕੋਵਿਲ, ਭਾਰਤ ਦੀ ਸੁਰੱਖਿਆ ਨੂੰ ਸਮਰਥਕ ਅਤੇ ਭਾਰਤ ਦੇ ਗਰੀਬਾਂ ਦੇ ਭਲਾਈ ਕੌਸ਼ਲ ਸਰਕਾਰ ਚਲਾਉਣ ਦੇ ਬਾਅਦ ਦੇਸ਼ ਦੀ ਜਨਤਾ ਨੇ ਇੱਕ ਵਾਰ ਫਿਰ ਮੋਦੀ ਸਰਕਾਰ ਨੂੰ ਆਪਣਾ ਜਨਾਦੇਸ਼ ਦਿੱਤਾ। ਦੇਸ਼ ਦੀ ਜਨਤਾ ਦਾ ਇਹ ਜਨਾਦੇਸ਼ ਦੱਸਦਾ ਹੈ ਕਿ ਲੋਕ ਮੋਦੀ ਜੀ ਦੇ ਨੇਤਾ ਤੇ ਕਿਸ ਤਰ੍ਹਾਂ ਦਾ ਭਰੋਸਾ ਕਰਦੇ ਹਨ। 60 ਸਾਲ ਦੇ ਬਾਅਦ ਪਹਿਲੀ ਵਾਰ ਕੋਈ ਇੱਕ ਨੇਤਾ ਲਗਾਤਾਰ ਤੀਸਰੀ ਬਾਰ ਪੀ.ਐਮ. ਬਣਕਰ ਦੇਸ਼ ਦੀ ਅਗਵਾਈ ਕਰ ਰਹੇ ਹਨ। 60 ਸਾਲ ਦੇ ਬਾਅਦ ਪਹਿਲੀ ਵਾਰ ਦੇਸ਼ ਵਿੱਚ ਸਿਆਸੀ ਸਥਿਰਤਾ ਦਾ ਮਹੌਲ ਆਇਆ ਹੈ। 10 ਸਾਲ ਤੱਕ ਬਰਕਰਾਰ ਰੱਖਣ ਲਈ 11 ਸਾਲ ਤੱਕ ਪ੍ਰਵੇਸ਼ ਕਰਨਾ ਤੁਹਾਡੇ ਵਿੱਚ ਇੱਕ ਵੱਡੀ ਉਪਲਬਧੀ ਹੈ।

ਇਸ ਗੱਲ ਨੂੰ ਮੰਨਣ ਤੋਂ ਕੋਈ ਗੁਰੇਜ ਨਹੀਂ ਹੈ ਕਿ ਬੀਤੇ 10 ਸਾਲ ਵਿੱਚ ਮੋਦੀ ਜੀ ਨੇ ਦੇਸ਼ ਦੀ ਬਾਹਰੀ ਸੁਰੱਖਿਆ, ਅੰਦਰੂਨੀ ਸੁਰੱਖਿਆ ਅਤੇ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਇੱਕ ਸੁਰੱਖਿਅਤ ਭਾਰਤ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਈ ਹੈ। ਮੋਦੀ ਜੀ ਦੇ ਮੇਕ ਇਨ ਇੰਡੀਆ ਦੇ ਅਧੀਨ ਅੱਜ ਪੂਰੀ ਦੁਨੀਆ ਭਾਰਤ ਵਿੱਚ ਉਤਪਾਦ ਦੇ ਕੇਂਦਰ ਬਣਦੇ ਹਨ। ਮੋਦੀ ਜੀ ਦੇ ਡਿਜੀਟਲ ਇੰਡੀਆ ਦੀ ਯੋਜਨਾ ਦੁਨੀਆ ਦੇ ਕਈ ਦੇਸ਼ ਆਪਣੇ ਵਿਕਾਸ ਦਾ ਆਧਾਰ ਬਣਾਉਣਾ ਚਾਹੁੰਦੇ ਹਨ। ਬੈਂਕਿੰਗ ਹੋ, ਮੁਦਰਾ ਸਫੀਤੀ ਹੋ ਜਾਂ ਵਿਕਾਸ ਦਰ ਹੋ, ਇਕੋਨਾਮੀ ਦੇ ਸਾਰੇ 13 ਲਾਭ ਭਾਰਤ ਨੇ ਅਨੁਸ਼ਾਸਨ ਦੇ ਨਾਲ ਤਰੱਕੀ ਦੀ ਹੈ। ਅੱਜ ਪੂਰੀ ਦੁਨੀਆ ਦੇ ਖੇਤਰ ਵਿੱਚ ਭਾਰਤ ਦਾ ਲੋਹਾ ਮਾਨ ਰਿਹਾ ਹੈ। ਭਾਰਤ ਅੱਜ ਵਿਸ਼ਵ ਸ਼ਕਤੀ ਨੂੰ ਬਣਾਉਣ ਲਈ ਉਭਰ ਰਿਹਾ ਹੈ ਅਤੇ ਅੱਜ ਦੇ ਬਾਅਦ ਪਹਿਲੀ ਵਾਰ ਦੁਨੀਆ ਨੂੰ ਭਾਰਤ ਦੀ ਰੀੜ੍ਹ ਦੀ ਹੱਡਡੀ ਵਾਲੀ ਵਿਦੇਸ਼ੀ ਨੀਤੀ ਦੇਖਣ ਦਾ ਮੌਕਾ ਮਿਲਦਾ ਹੈ। ਇਹ ਇਕ ਸੰਜੋਗ ਹੈ ਕਿ ਜਿਸ ਦਿਨ ਮੋਦੀ 3.0 ਕੇ 100 ਦਿਨ ਪੂਰੇ ਹੋਏ, ਉਹੀ ਦਿਨ ਪੂਰਾ ਦੇਸ਼ ਮੋਦੀ ਜੀ ਦਾ 74ਵਾਂ ਜਨਮ ਵੀ ਮਨ ਰਿਹਾ ਹੈ। ਨਾਲ ਹੀ, ਦੇਸ਼ ਦੀਆਂ ਕਈ ਵੱਡੀਆਂ ਸੰਸਥਾਵਾਂ ਅਤੇ ਭਾਜਪਾ ਦੇ ਕਾਰਜਕਰਤਾ ਦਾ ਫੈਸਲਾ ਨੇ ਮੋਦੀ ਜੀ ਦੇ ਜਨਮ ਦੀ ਸੇਵਾ ਪਖਵਾਰੇ ਦੇ ਨਾਮ ਤੋਂ ਮਨ ਨੂੰ ਵੀ ਲਿਆ ਹੈ। ਭਾਰਤੀ ਰਾਜਨੀਤੀ ਦੀ ਦਸ਼ਾ ਅਤੇ ਦਿਸ਼ਾ ਨੂੰ ਬਦਲਣਾ ਨਵਾਂ ਭਾਰਤ ਦੇ ਨਿਰਮਾਣ ਵਿੱਚ ਜੁਟੇ ਅਮਿਤ ਸ਼ਾਹ ਨੇ ਮੋਦੀ 3.0 ਕੇ 100 ਦਿਨ ਦੀ ਉਪਲਬਧੀਆਂ ਦਾ ਰਿਪੋਰਟ ਕਾਰਡ ਪੇਸ਼ ਕਰੋ, ਜਿੱਥੇ ਮੋਦੀ ਜੀ ਦੇ ਜਨਮ ਦਾ ਵਿਸ਼ੇਸ਼ ਤੋਹਫਾ ਦੇਣ ਦਾ ਕੰਮ, ਉਹ ਦੇਸ਼ ਦੀ ਜਨਤਾ ਦੀ ਇਹ ਸੁਣਵਾਈ ਵੀ ਦਿੱਤੀ ਕਿ ਜੇਕਰ ਸ਼ੁਰੂਆਤੀ 100 ਦਿਨ ਇਸ ਤਰ੍ਹਾਂ ਚਮਕਦਾਰ ਹੈ ਤਾਂ ਆਉਣ ਵਾਲਾ 5 ਸਾਲ ਸਵਰਣਮ ਹੋਵੇਗਾ।

ਰੋਜ਼ਾਨਾ ਲੋਕ ਬਾਣੀ
www.lokbani

# ਟੀਕਾਕਰਨ ਦੇ ਪ੍ਰਤੀਕੂਲ ਪ੍ਰਭਾਵਾਂ ਦੀ ਸਮੇਂ ਸਿਰ ਪਛਾਣ ਜ਼ਰੂਰੀ : ਸਿਵਲ ਸਰਜਨ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਟੀਕਾ ਲੱਗਣ ਤੋਂ ਬਾਅਦ ਹੋਣ ਵਾਲੇ ਪ੍ਰਤੀਕੂਲ ਪ੍ਰਭਾਵ ਦੇ ਸਬੰਧ ਵਿੱਚ ਇੱਕ ਮੀਟਿੰਗ ਦਾ ਆਯੋਜਨ ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਦੀ ਅਗਵਾਈ ਹੇਠ ਕੀਤਾ ਗਿਆ। ਡਾਕਟਰ ਰਿਚਾ ਭਾਟੀਆ ਨੇ ਕਿਹਾ ਕਿ ਟੀਕਾਕਰਨ ਦੇ ਬਾਅਦ ਕਈ ਵਾਰ ਅਣਚਾਹੇ ਲੱਛਣ ਨਜ਼ਰ ਆ ਸਕਦੇ ਹਨ ਜਿੰਨਾ ਦਾ ਸਮੇਂ ਸਿਰ ਇਲਾਜ ਜ਼ਰੂਰੀ ਹੈ। ਇਸ ਦੌਰਾਨ ਓਹਨਾਂ ਹਾਜ਼ਰੀਨ ਨੂੰ ਟੀਕਾਕਰਨ ਤੋਂ ਬਾਅਦ ਹੋਣ ਵਾਲੇ ਪ੍ਰਤੀਕੂਲ ਪ੍ਰਭਾਵਾਂ ਦੇ ਸੰਬਧ ਚ ਜਾਗਰੂਕ ਕੀਤਾ ਤੇ ਕਿਹਾ ਕਿ ਅਜਿਹੇ ਕੇਸ ਤੁਰੰਤ ਰਿਪੋਰਟ ਕੀਤੇ ਜਾਣ।

ਜਿਲਾ ਟੀਕਾਕਰਨ ਅਫ਼ਸਰ ਡਾਕਟਰ ਰਣਦੀਪ ਸਿੰਘ ਅਤੇ ਵਿਸ਼ਵ ਸਿਹਤ ਸੰਗਠਨ ਦੇ ਸੁਰਵਿੱਲੇਂਸ ਮੈਡੀਕਲ ਅਫ਼ਸਰ ਡਾਕਟਰ ਗਗਨ ਨੇ ਟੀਕਾਕਰਨ ਦੇ ਪ੍ਰਤੀਕੂਲ ਪ੍ਰਭਾਵਾਂ ਮਾਮੂਲੀ, ਗੰਭੀਰ ਅਤੇ ਬਹੁਤ ਗੰਭੀਰ ਸਥਿਤੀਆਂ ਤੋਂ ਜਾਣੂ ਕਰਵਾਇਆ । ਇਹੀ ਨਹੀਂ ਇਸ ਦੀ ਰਿਪਰਟਿੰਗ ਸੰਬਧੀ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੋਕੇ ਤੇ ਡਾਕਟਰ ਰਾਜੀਵ ਭਗਤ, ਡਾਕਟਰ ਹਰਪ੍ਰੀਤ ਮੋਮੀ,ਡਾਕਟਰ ਰਮਨਪ੍ਰੀਤ ਕੌਰ, ਡਾਕਟਰ ਸ਼ਿਲਪਾ, ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ, ਜਿਲਾ ਬੀ ਸੀ ਸੀ ਜਯੋਤੀ ਅਨੰਦ, ਬੀ ਈ ਈ ਰਵਿੰਦਰ ਜੱਸਲ ,ਤਰੁਣ ਕਲਸੀ , ਏ ਐੱਚ ਏ ਦੀਪਿਕਾ , ਰਜਨੀ ਕੌਸ਼ਲ ਤੇ ਹੋਰ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਪ੍ਰਧਾਨ ਮੰਤਰੀ ਮੋਦੀ ਨੇ ਮੰਤਰੀਆਂ ਤੇ ਸੰਸਦ ਮੈਂਬਰਾਂ ਨੂੰ ਕਾਂਗਰਸ ਪ੍ਰਤੀ ਜ਼ਹਿਰ ਉਗਲਣ ਦੀ ਦਿੱਤੀ ਖੁੱਲੀ ਛੂਟ: ਧਾਲੀਵਾਲ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਮਹਿਲਾ ਕਾਂਗਰਸ ਫਗਵਾੜਾ ਸ਼ਹਿਰੀ ਪ੍ਰਧਾਨ ਰਣਜੀਤ ਕੌਰ ਰਾਣੀ ਦੀ ਅਗਵਾਈ 'ਚ ਸਥਾਨਕ ਖਲਵਾੜਾ ਰੋਡ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕ ਕੇ ਤਿੱਖਾ ਰੋਸ ਮੁਜਾਹਰਾ ਕੀਤਾ ਗਿਆ। ਇਸ ਦੌਰਾਨ ਹਲਕਾ ਵਿਧਾਇਕ ਤੇ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਆਸੀ ਮਰਿਆਦਾ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਦੇ ਚਹੇਤੇ ਮੰਤਰੀ ਤੇ ਸੰਸਦ ਮੈਂਬਰ ਵੀ ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੇ ਹਨ। ਮੋਦੀ ਕਈ ਵਾਰ ਕਾਂਗਰਸ ਪ੍ਰਤੀ ਆਪਣੀ ਨਫ਼ਰਤ ਦਾ ਪ੍ਰਗਟਾਵਾ ਕਰ ਚੁੱਕੇ ਹਨ। ਪਰ ਜਦੋਂ ਅੰਗਰੇਜ਼ ਕਾਂਗਰਸ ਨੂੰ ਖਤਮ ਨਹੀਂ ਕਰ ਸਕੇ ਤਾਂ ਭਾਜਪਾ ਅਤੇ ਆਰ.ਐਸ.ਐਸ. ਨੂੰ ਵੀ ਅਜਿਹੇ ਸੁਪਨੇ ਨਹੀਂ ਦੇਖਣੇ ਚਾਹੀਦੇ। ਕੇਂਦਰੀ ਮੰਤਰੀ ਰਵਨੀਤ ਬਿੱਟੂ ਵੱਲੋਂ ਰਾਹੁਲ ਗਾਂਧੀ ਨੂੰ ਅੱਤਵਾਦੀ ਕਹਿਣ ਬਾਰੇ ਧਾਲੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੂੰ ਕਾਂਗਰਸ ਵਿਰੁੱਧ ਜ਼ਹਿਰ ਉਗਲਣ ਦੀ ਖੁੱਲ੍ਹ ਦੇ ਦਿੱਤੀ ਹੈ। ਫਿਰ ਵੀ ਬਿੱਟੂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਰਾਹੁਲ ਗਾਂਧੀ ਦੀ ਬਦੌਲਤ ਹੀ ਉਹ ਤਿੰਨ ਵਾਰ ਸੰਸਦ ਮੈਂਬਰ ਬਣੇ ਸਨ। ਉਨ੍ਹਾਂ ਤਿੱਖੇ ਲਹਿਜੇ ਵਿੱਚ ਕਿਹਾ ਕਿ ਰਾਹੁਲ ਗਾਂਧੀ ਸੰਸਦ ਵਿੱਚ ਵਿਰੋਧੀ ਧਿਰ ਦੇ ਆਗੂ ਹਨ, ਇਸ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਰਵਨੀਤ ਬਿੱਟੂ ਦੇ ਬਿਆਨ 'ਤੇ ਸਦਨ ਵਿੱਚ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਦੌਰਾਨ ਉਨ੍ਹਾਂ ਨੇ ਭਾਜਪਾ ਸੰਸਦ ਕੰਗਨਾ ਰਣੌਤ 'ਤੇ ਵੀ ਉਨ੍ਹਾਂ ਦੇ ਇਤਰਾਜ਼ਯੋਗ ਬਿਆਨਾਂ ਲਈ ਤਿੱਖਾ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਉਨ੍ਹਾਂ ਦੇ ਬਿਆਨ ਘੱਟ ਗਿਣਤੀ ਭਾਈਚਾਰਿਆਂ ਪ੍ਰਤੀ ਨਫ਼ਰਤ ਫੈਲਾਉਂਦੇ ਹਨ, ਜਿਸ 'ਤੇ ਕਾਬੂ ਪਾਇਆ ਜਾਣਾ ਚਾਹੀਦਾ ਹੈ। ਇਸ ਦੌਰਾਨ ਮਹਿਲਾ ਕਾਂਗਰਸ ਫਗਵਾੜਾ ਦੀ ਪ੍ਰਧਾਨ ਰਣਜੀਤ ਕੌਰ ਰਾਣੀ ਨੇ ਕਿਹਾ ਕਿ ਰਵਨੀਤ ਬਿੱਟੂ ਅਤੇ ਕੰਗਣਾ ਰਣੌਤ ਵਰਗੇ ਨਫਰਤੀ ਮਾਨਸਿਕਤਾ ਵਾਲੇ ਮੰਤਰੀਆਂ ਅਤੇ ਸੰਸਦ ਮੈਂਬਰਾਂ ਦੀ ਸੰਸਦ ਵਿੱਚ ਕੋਈ ਥਾਂ ਨਹੀਂ ਹੈ ਬਲਕਿ ਉਨ੍ਹਾਂ ਨੂੰ ਮਾਨਸਿਕ ਇਲਾਜ ਦੀ ਲੋੜ ਹੈ। ਮਹਿਲਾ ਆਗੂਆਂ ਸਰਜੀਵਨ ਲਤਾ ਸ਼ਰਮਾ, ਬਲਜੀਤ ਕੌਰ ਬੁੱਟਰ ਅਤੇ ਤ੍ਰਿਪਤਾ ਸ਼ਰਮਾ ਨੇ ਵੀ ਰਾਹੁਲ ਗਾਂਧੀ ਪ੍ਰਤੀ ਮਾੜੀ ਬਿਆਨਬਾਜ਼ੀ ਕਰਨ ਲਈ ਰਵਨੀਤ ਬਿੱਟੂ ਤੋਂ ਮੁਆਫ਼ੀ ਦੀ ਮੰਗ ਕੀਤੀ। ਇਸ ਮੌਕੇ ਸ਼ਵਿੰਦਰ ਨਿਸ਼ਚਲ, ਸੀਤਾ ਦੇਵੀ, ਦਲਬੀਰ ਕੌਰ ਬਰਨ, ਜਤਿੰਦਰ ਕੌਰ, ਸੁਨੀਤਾ ਰਾਣੀ, ਗੁਰਦਿਆਲ ਸਿੰਘ ਪ੍ਰਧਾਨ, ਗੁਰਜੀਤ ਵਾਲੀਆ, ਤੁਲਸੀ ਰਾਮ ਖੋਸਲਾ, ਵਿੱਕੀ ਵਾਲੀਆ, ਸੋਹਣ ਪਰਮਾਰ, ਰਿੰਕੂ ਵਾਲੀਆ, ਸੰਜੀਵ ਟੀਟੂ, ਡਾ: ਰਮਨ ਸ਼ਰਮਾ, ਬਾਬਾ ਮਹਿੰਦਰ ਸਿੰਘ, ਬਿੱਟੂ ਸੰਤੋਖਪੁਰਾ, ਸ਼ਸ਼ੀ ਬਾਲਾ, ਕੁਲਦੀਪ ਸਿੰਘ, ਅਮਰਜੀਤ ਸਿੰਘ ਗਬਰੂ, ਹਰਵਿੰਦਰ ਸਿੰਘ ਰਾਣੀਪੁਰ, ਯੋਗੇਸ਼ ਕੌਲ, ਗੁਰਦਿਆਲ ਸਿੰਘ ਭਗਤਪੁਰਾ, ਲਾਡੀ ਸਰਪੰਚ ਕਾਂਸ਼ੀ ਨਗਰ, ਮਨਜੀਤ ਸਿੰਘ ਬਰਨ, ਯੋਗ ਰਾਮ, ਨੌਰੀਆ ਰਾਮ, ਰਵਿੰਦਰ ਬਹਿਲ, ਅਮਨਦੀਪ ਢੰਡਾ, ਸੋਹਣ ਸਿੰਘ ਆਦਿ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਨਗਰ ਨਿਗਮ ਨੇ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਸਹਿਯੋਗ ਨਾਲ ਕੱਢੀ ਸਵੱਛਤਾ ਜਾਗਰੂਕਤਾ ਰੈਲੀ

## ਸਰਕਾਰੀ ਸੀਨੀਅਰ ਸੈਕੇਂਡਰੀ ਸਮਾਰਟ ਸਕੂਲ ਦਾ ਵੀ ਰਿਹਾ ਯੋਗਦਾਨ






ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਨਗਰ ਨਿਗਮ ਫਗਵਾੜਾ ਵਲੋਂ ਨਿਗਮ ਕਮਿਸ਼ਨਰ ਅਨੁਪਮ ਕਲੇਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਵੱਛ ਭਾਰਤ ਮਿਸ਼ਨ ਤਹਿਤ ਮਨਾਏ ਜਾ ਰਹੇ ਪੰਦਰਾਂ ਰੋਜ਼ਾ ਸਵੱਛਤਾ ਹੀ ਸੇਵਾ ਪ੍ਰੋਗਰਾਮ ਅਧੀਨ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਵਲੋਂ ਕਲੱਬ ਪ੍ਰਧਾਨ ਲਾਇਨ ਸੰਜੀਵ ਸੂਰੀ ਦੀ ਅਗਵਾਈ ਹੇਠ ਸਹਿਯੋਗ ਦਿੰਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ (ਲੜਕੇ) ਫਗਵਾੜਾ ਦੇ ਸਹਿਯੋਗ ਸਦਕਾ ਸਵੱਛਤਾ ਜਾਗਰੂਕਤਾ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਰੈਲੀ ਨੂੰ ਨਗਰ ਨਿਗਮ ਫਗਵਾੜਾ ਦੇ ਸੰਯੁਕਤ ਕਮਿਸ਼ਨਰ ਕੁਲਪ੍ਰੀਤ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਨੇ ਵਿਸ਼ੇਸ਼ ਹਾਜ਼ਰੀ ਭਰੀ। ਸਕੂਲੀ ਵਿਦਿਆਰਥੀਆਂ ਨੇ ਸ਼ਹਿਰ ਵਾਸੀਆਂ ਨੂੰ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਠਾ ਕਰਨ, ਗਲੀਆਂ, ਨਾਲੀਆਂ, ਸੜਕਾਂ ਜਾਂ ਜਨਤਕ ਥਾਵਾਂ 'ਤੇ ਕਿਸੇ ਵੀ ਕਿਸਮ ਦਾ ਕੂੜਾ ਨਾ ਸੁੱਟਣ ਅਤੇ ਕੂੜੇ ਨੂੰ ਅੱਗ ਨਾਲ ਲਗਾਉਣ ਸਮੇਤ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਬਾਰੇ ਜਾਗਰੂਕ ਕੀਤਾ। ਸੰਯੁਕਤ ਕਮਿਸ਼ਨਰ ਕੁਲਪ੍ਰੀਤ ਸਿੰਘ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੱਧਰ 'ਤੇ ਦੋ ਡਸਟਬਿਨ ਆਪਣੇ ਘਰਾਂ ਦੇ ਅੰਦਰ ਰੱਖਣ। ਜਿਸ ਵਿੱਚ ਗਿੱਲਾ ਅਤੇ ਸੁੱਕਾ ਕੂੜਾ ਵੱਖਰਾ ਕਰਕੇ ਕੂੜਾ ਚੁੱਕਣ ਵਾਲੇ ਨਿਗਮ ਕਰਮਚਾਰੀਆਂ ਨੂੰ ਸੌਂਪਿਆ ਜਾਵੇ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਵੱਲੋਂ ਇਹ ਜਾਗਰੂਕਤਾ ਪ੍ਰੋਗਰਾਮ 2 ਅਕਤੂਬਰ ਤੱਕ ਜਾਰੀ ਰਹੇਗਾ। ਜਿਸ ਤਹਿਤ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਸਫਾਈ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਲਾਇਨ ਗੁਰਦੀਪ ਸਿੰਘ ਕੰਗ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਆਪਣੇ ਪੱਧਰ 'ਤੇ ਵੀ ਲੋਕਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕਰਨ ਲਈ ਹਰ ਸੰਭਵ ਯਤਨ ਕਰੇਗਾ ਤਾਂ ਜੋ ਭਾਰਤ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਜੋ ਕਿ ਪਿਛਲੇ 10 ਸਾਲਾਂ ਤੋਂ ਚੱਲ ਰਿਹਾ ਹੈ, ਨੂੰ ਕਾਮਯਾਬ ਕੀਤਾ ਜਾ ਸਕੇ। ਜਾਗਰੂਕਤਾ ਰੈਲੀ ਦੀ ਸਮਾਪਤੀ 'ਤੇ ਕਲੱਬ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ ਨੇ ਨਗਰ ਨਿਗਮ ਫਗਵਾੜਾ ਅਤੇ ਸਰਕਾਰੀ ਸਕੂਲ ਆਫ਼ ਐਮੀਨੈਂਸ ਦੇ ਸਟਾਫ਼ ਤੇ ਵਿਦਿਆਰਥੀਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਅਜੈ ਕੁਮਾਰ ਸੀ.ਐਸ.ਆਈ., ਹਿਤੇਸ਼ ਸ਼ਰਮਾ ਐਸ.ਆਈ., ਜਤਿੰਦਰ ਵਿਜ, ਨਾਮਦੇਵ, ਐਮ.ਆਈ.ਐਸ. ਮਾਹਿਰ ਸੰਨੀ ਗੁਪਤਾ, ਆਈ.ਈ.ਸੀ ਅਤੇ ਸੀ.ਬੀ ਮਾਹਿਰ ਪੂਜਾ ਸ਼ਰਮਾ, ਕਮਿਊਨਿਟੀ ਫੈਸੀਲੀਟੇਟਰ ਸੁਨੀਤਾ ਅਤੇ ਆਸ਼ਾ ਤੋਂ ਇਲਾਵਾ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ, ਪੀ.ਆਰ.ਓ. ਲਾਇਨ ਸਤਵਿੰਦਰ ਸਿੰਘ ਭਮਰਾ, ਰੀਜਨ ਚੇਅਰਮੈਨ ਲਾਇਨ ਚਮਨ ਲਾਲ, ਐਮ.ਐਮ.ਆਰ. ਲਾਇਨ ਸੁਸ਼ੀਲ ਸ਼ਰਮਾ, ਲਾਇਨ ਸ਼ਸ਼ੀ ਕਾਲੀਆ, ਲਾਇਨ ਮਨੋਜ ਕੁਮਾਰ, ਲਾਇਨ ਧਰਮਪਾਲ ਨਿਸ਼ਚਲ, ਲਾਇਨ ਕਰਨ ਗੁਪਤਾ, ਲਾਇਨ ਚਰਨਜੀਤ ਸਿੰਘ, ਲਾਇਨ ਸੰਦੀਪ ਚਹਿਲ, ਲਾਇਨ ਵਿੱਕੀ ਚੁੰਬਰ, ਸਕੂਲ ਪ੍ਰਿੰਸੀਪਲ ਰਣਜੀਤ ਕੁਮਾਰ ਗੋਗਨਾ, ਦੇਸਰਾਜ, ਦੀਪਕ, ਸਤਨਾਮ ਸਿੰਘ, ਵਰਿੰਦਰ ਸ਼ਰਮਾ, ਗੌਰਵ ਸ਼ਰਮਾ, ਫੈਜ਼ਲ ਆਦਿ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੀ ਸੀ ਆਰ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ: ਇੰਚਾਰਜ ਮਹਿੰਦਰ ਸਿੰਘ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੀ ਸੀ ਆਰ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ ਇਸ ਗੱਲ ਦਾ ਪ੍ਰਗਟਾਵਾ ਪੀ ਸੀ ਆਰ ਦੇ
ਨਵ -ਨਿਯੁਕਤ ਮੁਖੀ ਸਬ ਇੰਸਪੈਕਟਰ ਮਹਿੰਦਰ ਸਿੰਘ ਨੇ ਅਹੁਦਾ ਸੰਭਾਲਦਿਆਂ ਇੱਕ ਵਿਸ਼ੇਸ਼ ਭੇਟਵਾਰਤਾ ਦੌਰਾਨ ਕੀਤਾ ਅਤੇ ਨਸ਼ਾ ਤਸਕਰਾਂ ਅਤੇ ਹੁੱਲੜਬਾਜੀ ਕਰਨ ਵਾਲਿਆਂ ਵਿਰੁੱਧ ਸਹਿਯੋਗ ਦੀ ਮੰਗ ਕੀਤੀ ਇਸ ਦੌਰਾਨ ਸਬ ਇੰਸਪੈਕਟਰ ਮਹਿੰਦਰ ਸਿੰਘ ਨੇ ਕਿਹਾ ਕਿ ਨਸ਼ਾ ਤਸਕਰਾਂ ਅਤੇ ਲੜਕੀਆਂ ਨੂੰ ਸਕੂਲੋਂ ਛੁੱਟੀ ਸਮੇਂ ਰਸਤਿਆਂ ਵਿੱਚ ਖੜ੍ਹਦੇ ਹੁੱਲੜਬਾਜਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਫੜ੍ਹੇ ਜਾਣ ਤੇ ਉਨ੍ਹਾਂ ਨੂੰ ਕਾਨੂੰਨ ਦੇ ਸਿਕੰਜੇ ਤੋਂ ਕੋਈ ਬਚਾ ਨਹੀਂ ਪਾਏਗਾ ਮਹਿੰਦਰ ਸਿੰਘ ਨੇ ਦੱਸਿਆ ਕਿ ਲਾਅ ਐਂਡ ਆਰਡਰ ਨੂੰ ਲੈ ਕੇ ਉੱਚ ਅਧਿਕਾਰੀਆਂ ਐਸ ਐਸ ਪੀ ਕਪੂਰਥਲਾ , ਐਸ ਪੀ ਫਗਵਾੜਾ, ਅਤੇ ਡੀ ਐਸ ਪੀ ਫਗਵਾੜਾ ਦੀਆਂ ਹਦਾਇਤਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਏਗਾ ਸਬ ਇੰਸਪੈਕਟਰ ਮਹਿੰਦਰ ਸਿੰਘ ਇਸ ਤੋਂ ਪਹਿਲਾਂ ਥਾਣਾ ਹੁਸ਼ਿਆਰਪੁਰ ,ਥਾਣਾ ਚੱਬੇਵਾਲ , ਚੋਕੀ ਸੰਮੂਦੜਾ , ਚੋਕੀ ਜੈਜੋ ,ਚੋਕੀ ਅਜਨੋਹਾ, ਚੋਕੀ ਸੈਲਾਂ , ਥਾਣਾ ਗੜਸ਼ੰਕਰ , ਥਾਣਾ ਮਾਹਿਲਪੁਰ, ਥਾਣਾ ਸਦਰ ਫਗਵਾੜਾ
ਸਮੇਤ 10 ਦੇ ਕਰੀਬ ਥਾਣਿਆਂ ਵਿੱਚ ਅਪਣੀਆ ਬੇਹਤਰੀ ਸੇਵਾਵਾਂ ਨਿਭਾ ਨਸ਼ਿਆਂ ਖ਼ਿਲਾਫ਼ ਵੱਡੇ ਪੱਧਰ ਤੇ ਕੰਮ ਕਰ ਚੁੱਕੇ ਹਨ ਜਿੱਥੇ ਉਨ੍ਹਾਂ ਦਾ ਰਿਕਾਰਡ ਨਸ਼ਾ ਵਿਕਰੀ ਖਿਲਾਫ਼ ਜੀਰੋ ਟਾਲਰੈਂਸ ਅਤੇ ਕਾਨੂੰਨ ਦੀ ਖਿਲਾਫ਼ਤ ਕਰਨ ਵਾਲੇ ਤੱਤਾਂ ਨਾਲ ਸਖਤੀ ਭਰਿਆ ਰਿਹਾ ਹੈ ਉਨ੍ਹਾਂ ਦੱਸਿਆ ਕਿ ਕ੍ਰਾਇਮ ਨੂੰ ਨੱਥ ਪਾਉਣ ਲਈ ਪੀ ਸੀ ਆਰ ਦੇ 10 ਮੋਟਰਸਾਈਕਲ ਦਿਨ ਰਾਤ ਲੋਕਾ ਦੀ ਜਾਨ ਮਾਲ ਦੀ ਰੱਖਿਆ ਲਈ ਸ਼ਹਿਰ ਦੇ ਚੱਪੇ ਚੱਪੇ ਤੇ ਪੈਣੀ ਨਜ਼ਰ ਰੱਖ ਕੰਮ ਕਰ ਰਹੇ ਨੇ
ਪੀ ਸੀ ਆਰ ਮੁਖੀ ਨੇ ਇਲਾਕਾ ਵਾਸੀਆਂ ਨੂੰ ਕਿਸੇ ਵੀ ਕਰਾਈਮ ਪ੍ਰਤੀ ਫੋਨ ਨੰਬਰ 78774-87411 ਤੇ ਨਿਰਸੰਕੋਚ ਸੂਚਨਾ ਦੇਣ ਦੀ ਤਾਕੀਦ ਕੀਤੀ ਹੈ ਉਨ੍ਹਾਂ ਲਾਅ ਐਂਡ ਆਰਡਰ ਦੀ ਮਜਬੂਤੀ ਲਈ ਪ੍ਰੈਸ ਤੋਂ ਸਹਿਯੋਗ ਦੀ ਕਾਮਨਾ ਕੀਤੀ

ਰੋਜ਼ਾਨਾ ਲੋਕ ਬਾਣੀ www.lokbani

# ਜਵਾਹਰ ਨਵੋਦਿਆ ਵਿਦਿਆਲਿਆ ਦਬੂੜੀ ਜਿਲ੍ਹਾ ਗੁਰਦਾਸਪੁਰ ਚ ਦਾਖਲੇ ਦੀ ਤਾਰੀਖ ਚ ਵਾਧਾ

ਗੁਰਦਾਸਪੁਰ-ਨਵਨੀਤ ਕੁਮਾਰ -
ਜਵਾਹਰ ਨਵੋਦਿਆ ਵਿਦਿਆਲਿਆ ਦਬੂੜੀ ਜਿਲ੍ਹਾ ਗੁਰਦਾਸਪੁਰ ਵਿੱਚ ਵਿੱਦਿਅਕ ਵਰ੍ਹੇ 2025 ਲਈ ਜਮਾਤ ਛੇਵੀਂ ਦੇ ਦਾਖਲੇ ਲਈ ਆਨਲਾਈਨ ਫਾਰਮ ਭਰਨ ਦੀ ਪ੍ਰਕਿਰਿਆ ਚਲ ਰਹੀ ਹੈ, ਜਿਸ ਦੀ ਅੰਤਿਮ ਮਿਤੀ 16 ਸਤੰਬਰ ਤੋਂ ਵੱਧ ਕੇ 23ਸਤੰਬਰ.2024 ਤੱਕ ਹੋ ਗਈ ਹੈ, ਫਾਰਮ ਭਰਨ ਦੇ ਚਾਹਵਾਨ ਪ੍ਰੀਖਿਆਰਥੀ ਦੀ ਜਨਮ ਮਿਤੀ 01.05.2013 ਤੋਂ 31.07.2015 ਦੇ ਵਿਚਕਾਰ (ਦੋਨੋਂ ਮਿਤੀਆਂ ਸ਼ਾਮਲ ) ਹੋਣੀ ਚਾਹੀਦੀ ਹੈ । ਪ੍ਰੀਖਿਆਰਥੀ ਨੇ ਤੀਜੀ ਤੇ ਚੌਥੀ ਜਮਾਤ ਕਮਵਾਰ 2022-23 ਅਤੇ 2023-24 ਵਿਚ ਕਿਸੇ ਵੀ ਸਰਕਾਰੀ ਜਾਂ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਤੋਂ ਬਿਨਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਵਰ੍ਹਾ ਲਗਾ ਕੇ ਪਾਸ ਕੀਤੀ ਹੋਵੇ ਅਤੇ ਵਿੱਦਿਅਕ ਵਰ੍ਹੇ 2024-25 ਦੌਰਾਨ ਪ੍ਰੀਖਿਆਰਥੀ ਜਿਲ੍ਹਾ ਗੁਰਦਾਸਪੁਰ ਦੇ ਕਿਸੇ ਵੀ ਸਰਕਾਰੀ ਜਾਂ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਵਿਚ ਜਮਾਤ ਪੰਜਵੀਂ ਵਿੱਚ ਪੜ੍ਹਦਾ ਹੋਵੇ । ਪ੍ਰਵੇਸ਼ ਪ੍ਰੀਖਿਆ ਮਿਤੀ 18.01.2025 ਦਿਨ ਸਨੀਵਾਰ ਨੂੰ ਹੋਵੇਗੀ 1 ਲਈ ਜਮਾਤ ਦਾਖਲਾ ਫਾਰਮ ਆਨਲਾਈਨ https://navodaya.gov.in/nvs/en/HomeA ਡਾਊਨਲੋਡ ਕਰਕੇ ਮੁਫ਼ਤ ਭਰੇ ਜਾ ਸਕਦੇ ਹਨ । ਵਧੇਰੇ ਜਾਣਕਾਰੀ ਲਈ ਵਿਦਿਆਲਿਆ ਹੈਲਪ ਡੈਸਕ ਨੰਬਰ 97810-24346 ਅਤੇ 8803623757 ਤੇ ਸੰਪਰਕ ਕੀਤਾ ਜਾ ਸਕਦਾ ਹੈ ।

ਰੋਜ਼ਾਨਾ ਲੋਕ ਬਾਣੀ www.lokbani

# ਟੀ.ਬੀ ਮਰੀਜਾਂ ਦੇ ਨਿਕਸ਼ੈ ਮਿਤੱਰਾ ਬਣ ਕੇ ਉਨ੍ਹਾਂ ਦਾ ਸਹਿਯੋਗ ਕਰੋ : ਡਾ ਲਹਿੰਬਰ ਰਾਮ




ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਟੀ.ਬੀ. ਇਲਾਜਯੋਗ ਹੈ ਬਸ਼ਰਤੇ ਇਸ ਦੀ ਦਵਾਈ ਟਾਇਮ ਸਿਰ ਲੈ ਟ੍ਰੀਟਮੈਂਟ ਪੂਰਾ ਕੀਤਾ ਜਾਏ ਇਸ ਗੱਲ ਦਾ ਪ੍ਰਗਟਾਵਾ ਡਾ ਮੀਨਾਕਸ਼ੀ ਸੂਦ( ਜ਼ਿਲ੍ਹਾ ਟੀ ਬੀ ਅਫ਼ਸਰ ਕਪੂਰਥਲਾ ) ਨੇ ਸਿਵਲ ਸਰਜਨ ਕਪੂਰਥਲਾ ਡਾ ਰੀਚਾ ਭਾਟੀਆ ਵਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਟੀ.ਬੀ.ਮੁਕਤ ਭਾਰਤ ਅਭਿਆਨ ਤਹਿਤ ਸਿਵਲ ਹਸਪਤਾਲ ਫਗਵਾੜਾ ਵਿਖੇ ਨਿਕਸ਼ੈ ਮਿੱਤਰਾ ਪ੍ਰੋਗਰਾਮ ਯੋਜਨਾ ਅਧੀਨ ਕਰਵਾਏ ਰਾਸ਼ਨ ਵੰਡ ਸਮਾਰੋਹ ਦੌਰਾਨ ਪ੍ਰਗਟ ਕੀਤਾ ਇਸ
ਜ਼ਿਕਰਯੋਗ ਹੈ ਕਿ ਕੰਸਾਈ ਨੇਰੋਲਕ ਪੈਂਟ ਦੇ ਸਹਿਯੋਗ ਨਾਲ ਰਾਸ਼ਨ ਕਿੱਟਾਂ ਟੀ ਬੀ ਦੇ ਮਰੀਜ਼ਾਂ ਨੂੰ ਵੰਡੀਆਂ ਗਈਆ ਉਨ੍ਹਾਂ ਦੱਸਿਆ ਕਿ ਇਸੇ ਲੜੀ ਤਹਿਤ ਅੱਜ ਸਿਵਲ ਹਸਪਤਾਲ ਫਗਵਾੜਾ ਵਿਖੇ ਟੀ.ਬੀ. ਮਰੀਜਾਂ ਨੂੰ ਰਾਸ਼ਣ ਦਿੱਤਾ ਗਿਆ
ਡਾ ਮੀਨਾਕਸ਼ੀ ਸੂਦ ਨੇ ਦੱਸਿਆ ਕਿ ਟੀ.ਬੀ ਦੇ ਇਲਾਜ ਦੌਰਾਨ ਮਰੀਜ ਦੀ ਇੰਮਊਨਿਟੀ ਬਹੁਤ ਕਮਜੋਰ ਹੋ ਜਾਂਦੀ ਹੈ ਅਤੇ ਉਸ ਨੂੰ ਦਵਾਈ ਦੇ ਨਾਲ ਨਾਲ ਪੋਸ਼ਣ ਦੀ ਵੀ ਬਹੁਤ ਜਰੂਰਤ ਹੁੰਦੀ ਹੈ ਉਨ੍ਹਾਂ ਕਿਹਾ ਕਿ ਕਈ ਵਾਰ ਮਰੀਜ ਆਰਥਿਕ ਪੱਖ ਤੋਂ ਕਮਜੋਰ ਹੁੰਦੇ ਹਨ ਅਜਿਹੇ ਮਰੀਜਾਂ ਦੀ ਮਦਦ ਲਈ ਅਤੇ ਉਨ੍ਹਾਂ ਨੂੰ ਪੋਸ਼ਟਿਕ ਆਹਾਰ ਮੁੱਹਇਆ ਕਰਵਾਉਣ ਲਈ ਨਿਕਸ਼ੈ ਮਿਤੱਰਾ ਇੱਕ ਉਪਰਾਲਾ ਹੈ ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਕੋਈ ਵੀ ਵਿਅਕਤੀ, ਗੈਰ ਸਰਕਾਰੀ ਸੰਸਥਾ ਟੀ.ਬੀ ਰੋਗੀ ਨੂੰ ਅਡਾਪਟ ਕਰ ਉਨ੍ਹਾਂ ਨੂੰ ਰਾਸ਼ਣ ਆਦਿ ਦੀ ਸਹਾਇਤਾ ਮੁੱਹਇਆ ਕਰਵਾ ਸਕਦੀ ਹੈ ਤਾਂ ਜੋ ਦਵਾਈ ਦੇ ਨਾਲ ਨਾਲ ਉਨ੍ਹਾਂ ਦਾ ਪੋਸ਼ਣ ਦਾ ਪੱਖ ਵੀ ਪੂਰਾ ਹੋ ਸਕੇ ਅਤੇ ਮਰੀਜ ਨੂੰ ਜਲਦੀ ਠੀਕ ਹੋਣ ਵਿਚ ਮਦਦ ਮਿਲ ਸਕੇ ਉਨ੍ਹਾਂ ਦੱਸਿਆ ਕਿ ਇਸੇ ਲੜੀ ਤਹਿਤ ਅੱਜ ਟੀ.ਬੀ. ਦੇ 26 ਮਰੀਜਾਂ ਨੂੰ ਰਾਸ਼ਣ ਕਿੱਟਾ ਵੰਡੀਆ ਗਈਆ ਜ਼ਿਲ੍ਹਾ ਟੀ.ਬੀ ਅਫਸਰ ਡਾ.ਮੀਨਾਕਸ਼ੀ ਨੇ ਦੱਸਿਆ ਕਿ ਟੀ.ਬੀ. ਦੇ ਮਰੀਜਾਂ ਦੇ ਨਿਕਸ਼ੈ ਮਿੱਤਰਾ ਬਣ ਕੇ ਰਾਸ਼ਣ, ਇਲਾਜ ਕਿਸੇ ਵੀ ਤਰ੍ਹਾਂ ਨਾਲ ਸਹਿਯੋਗ ਕੀਤਾ ਜਾ ਸਕਦਾ ਹੈ ਵਧੇਰੇ ਜਾਣਕਾਰੀ ਲਈ ਟੀ.ਬੀ ਵਿਭਾਗ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਇਸ ਮੋਕੇ ਅਪਣੇ ਸੰਬੋਧਨ ਚ ਬੋਲਦਿਆਂ ਡਾ ਲਹਿੰਬਰ ਰਾਮ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਟੀ.ਬੀ ਮਰੀਜਾਂ ਦੇ ਨਿਕਸ਼ੈ ਮਿਤੱਰਾ ਬਣ ਕੇ ਉਨ੍ਹਾਂ ਦਾ ਸਹਿਯੋਗ ਕਰਨ ਇਸ ਮੌਕੇ ਲਹਿੰਬਰ ਰਾਮ (ਐਸ.ਐਮ.ਓ. ਸਿਵਲ ਹਸਪਤਾਲ ਫਗਵਾੜਾ) ਡਾ.
ਡਾ: ਮੀਨਾਕਸ਼ੀ ਸੂਦ (ਜ਼ਿਲ੍ਹਾ ਟੀ.ਬੀ ਅਫ਼ਸਰ) ਸ੍ਰੀਮਤੀ ਕਰਮਜੀਤ ਕੌਰ ਐਨ.ਜੀ.ਓ ਕਾਊਂਸਲਰ) ਡਾ: ਰਾਜੇਸ਼ ਚੰਦਰ (ਆਰਥੋ) ਡਾ.ਰਵੀ ਕੁਮਾਰ (ਸਰਜਨ) (ਡਾ. ਸੰਜੀਵ ਲੋਚਨ (ਮਨੋਵਿਗਿਆਨਕ)
ਡਾ.ਦਰਸ਼ਨ ਬੱਧਨ (ਐਮ.ਡੀ. ਮੈਡੀਸਨ) ਤੇ ਰਾਜੇਸ਼ ਕੁਮਾਰ (STS)
ਜਗਦੀਪ ਕੁਮਾਰ (STLS)
ਆਤਮਾ ਰਾਮ (TBHV)
ਰਮਨਦੀਪ ਸਿੰਘ (ਐਲ ਟੀ)
ਸਿਧਾਰਥ (ਡੀ.ਈ.ਓ.)
ਪਰਮਜੀਤ , ਨੰਦੂ , ਅਸ਼ਵਨੀ , ਗੀਟਾ ਮਸੀਹ (NS) ਤੋਂ ਇਲਾਵਾ ਹੋਰ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਫੌਜ ਨੇ ਵਿੱਦਿਅਕ ਅਦਾਰਿਆਂ ਅਤੇ ਨਸ਼ਾ ਪ੍ਰਭਾਵਿਤ ਖੇਤਰਾਂ ਵਿੱਚ ਜਾਗਰੂਕਤਾ ਕੈਂਪ ਲਗਾ ਕੇ ਨਸ਼ਿਆਂ ਨੂੰ ਕਾਬੂ ਕਰਨ ਲਈ ਚੁਕੇ ਕਦਮ -ਕਰਨਲ ਆਰ.ਐਸ.ਸ਼ੇਖਾਵਤ, 14 ਜਾਟ ਰੈਜੀਮੈਂਟ,

ਗੁਰਦਾਸਪੁਰ-ਨਵਨੀਤ ਕੁਮਾਰ - ਨਸ਼ਾਖੋਰੀ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਫੌਜ ਦੇ ਅਧਿਕਾਰੀਆਂ ਨੇ ਵੱਖ-ਵੱਖ ਥਾਵਾਂ ਤੇ ਨਸ਼ਾ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ ਹਨ, ਖਾਸ ਤੌਰ ਤੇ ਨਸ਼ਾ ਪ੍ਰਭਾਵਿਤ ਖੇਤਰਾਂ ਅਤੇ ਵਿਦਿਅਕ ਸੰਸਥਾਵਾਂ ਵਿੱਚ। ਬ੍ਰਿਗੇਡੀਅਰ ਪੀ.ਐਸ.ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅੱਜ ਆਈ.ਟੀ.ਆਈ. ਲੜਕੇ ਕਾਲਜ ਗੁਰਦਾਸਪੁਰ ਵਿਖੇ 14 ਜਾਟ ਰੈਜੀਮੈਂਟ ਦੇ ਅਧਿਕਾਰੀਆਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਿੱਥੇ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਪ੍ਰਿੰਸੀਪਲ ਸੰਦੀਪ ਸਿੰਘ ਅਤੇ ਬਲਵੰਤ ਸਿੰਘ ਵਾਈਸ ਪ੍ਰਿੰਸੀਪਲ ਸਮੇਤ ਹੋਰ ਲੈਕਚਰਾਰਾਂ ਜਿਵੇਂ ਕਿ ਰੋਮੇਸ਼ ਮਹਾਜਨ ਡਾਇਰੈਕਟਰ ਰੈੱਡ ਕਰਾਸ ਅਤੇ ਰਘਬੀਰ ਸਿੰਘ ਕੌਂਸਲਰ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਕਰਨਲ ਆਰ.ਐਸ.ਸ਼ੇਖਾਵਤ, 14 ਜਾਟ ਰੈਜੀਮੈਂਟ, ਵਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਉਨ੍ਹਾਂ ਨਸ਼ਿਆਂ ਦੇ ਜਾਲ ਵਿੱਚ ਫਸੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਨੂੰ ਤਿਆਗ ਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣ। ਇਸ ਮੌਕੇ ਸੰਬੋਧਨ ਕਰਦਿਆਂ ਨੈਸ਼ਨਲ ਐਵਾਰਡੀ ਰੋਮੇਸ਼ ਮਹਾਜਨ ਨੇ ਵਿਦਿਆਰਥੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਨੂੰ ਆਪਣੇ ਸੁਪਨੇ ਚੁਰਾਉਣ ਨਾ ਦਿਓ, ਸਗੋਂ ਆਪਣੇ ਸੁਪਨਿਆਂ ਨੂੰ ਪੂਰਾ ਕਰੋ ਅਤੇ ਨਸ਼ਿਆਂ ਤੋਂ ਦੂਰ ਰਹੋ। ਉਨ੍ਹਾਂ ਨੂੰ ਨਸ਼ਾ ਮੁਕਤ ਭਾਰਤ ਅਭਿਆਨ ਦਾ ਹਿੱਸਾ ਬਣਨ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾ ਕੇ ਇਸ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਸਾਡੀ ਸਭ ਤੋਂ ਵੱਡੀ ਕਮਜ਼ੋਰੀ ਹਾਰ ਮੰਨਣ ਵਿੱਚ ਹੈ। ਕਾਮਯਾਬ ਹੋਣ ਦਾ ਸਭ ਤੋਂ ਨਿਸ਼ਚਤ ਤਰੀਕਾ ਹਮੇਸ਼ਾ ਇੱਕ ਵਾਰ ਹੋਰ ਕੋਸ਼ਿਸ਼ ਕਰਨਾ ਹੈ, ਇਸ ਲਈ ਕਦੇ ਵੀ ਹਾਰ ਨਾ ਮੰਨੋ ਅਤੇ ਨਸ਼ੇ ਛੱਡਣ ਤੋਂ ਬਾਅਦ ਮੁੱਖ ਧਾਰਾ ਵਿੱਚ ਵਾਪਸ ਆਉਣ ਦੀ ਕੋਸ਼ਿਸ਼ ਕਰੋ।




ਇਸ ਮੌਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਇਸ਼ਤਿਹਾਰ ਵੀ ਵੰਡੇ ਗਏ ਅਤੇ ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੇ ਨਸ਼ੇ ਨੂੰ ਨਾ ਛੂਹਣ ਦੀ ਸਹੁੰ ਚੁਕਾਈ ਅਤੇ ਇਸ ਨਸ਼ਾ ਮੁਕਤ ਭਾਰਤ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਭਾਰਤੀ ਰੈੱਡ ਕਰਾਸ ਸੁਸਾਇਟੀ ਦੇ ਰਾਜਦੂਤ ਬਣਨ ਦਾ ਵਾਅਦਾ ਕੀਤਾ। 14 ਜਾਟਾਂ ਦੀ ਕੈਪਟਨ ਛਾਉਣੀ ਵੱਲੋਂ ਪ੍ਰੇਰਣਾਦਾਇਕ ਕਲਿੱਪ ਦਿਖਾ ਕੇ ਨੌਜਵਾਨਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਤੋਂ ਇਲਾਵਾ ਫੌਜ ਵਿੱਚ ਭਰਤੀ ਹੋਣ ਲਈ ਵੀ ਪ੍ਰੇਰਿਤ ਕੀਤਾ ਗਿਆ। ਕੁੰਵਰ ਰਵਿੰਦਰ ਵਿੱਕੀ ਵੱਲੋਂ ਨੌਜਵਾਨਾਂ ਨੂੰ ਬਹੁਤ ਹੀ ਪ੍ਰੇਰਨਾਦਾਇਕ ਭਾਸ਼ਣ ਵੀ ਦਿੱਤਾ ਗਿਆ। ਰੋਮੇਸ਼ ਮਹਾਜਨ ਨੇ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਜਾਣਕਾਰੀ ਭਰਪੂਰ ਜਾਗਰੂਕਤਾ ਕੈਂਪ ਲਗਾਉਣ ਲਈ ਫੌਜ ਦੇ ਅਫਸਰਾਂ ਵਿਸ਼ੇਸ਼ ਤੌਰ ਤੇ ਸੀਓ, ਬ੍ਰਿਗੇਡੀਅਰ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ, ਜਿਸ ਦਾ ਖਾਸ ਕਰਕੇ ਵਿਦਿਆਰਥੀਆਂ ਤੇ ਚੰਗਾ ਪ੍ਰਭਾਵ ਪਿਆ।

ਰੋਜ਼ਾਨਾ ਲੋਕ ਬਾਣੀ www.lokbani

# ਖੇਡਾਂ ਵਤਨ ਪੰਜਾਬ ਦੀਆਂ-2024 ਦੇ ਜ਼ਿਲ੍ਹਾ ਪੱਧਰੀ ਮੁਕਾਬਲੇ 21 ਸਤੰਬਰ ਤੋਂ ਸ਼ੁਰੂ- ਜ਼ਿਲ੍ਹਾ ਖੇਡ ਅਫ਼ਸਰ



ਮਾਲੇਰਕੋਟਲਾ:(ਕਿਮੀ ਅਰੋੜਾ,ਅਸਲਮ ਨਾਜ਼) ਖੇਡਾਂ ਵਤਨ ਪੰਜਾਬ ਦੀਆਂ-2024 ਦੇ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਬਲਾਕ ਪੱਧਰੀ ਮੁਕਾਬਲੇ ਸੰਪੂਰਨ ਹੋਣ ਤੋਂ ਬਾਅਦ ਹੁਣ ਜ਼ਿਲ੍ਹਾ ਪੱਧਰੀ ਮੁਕਾਬਲੇ 21 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੇ ਹਨ। ਇਨ੍ਹਾਂ ਖੇਡ ਮੁਕਾਬਲਿਆਂ ਦਾ ਅਗਾਜ ਸਥਾਨਕ ਜ਼ਾਕਿਰ ਹੁਸੈਨ ਸਟੇਡੀਅਮ ਤੋਂ ਕੀਤਾ ਜਾਵੇਗਾ। ਇਸ ਗੱਲ ਦੀ ਜਾਣਕਾਰੀ ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਗੁਰਦੀਪ ਸਿੰਘ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ 21 ਸਤੰਬਰ ਤੋਂ 24 ਸਤੰਬਰ ਤੱਕ ਚੱਲਣ ਵਾਲੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਐਥਲੈਟਿਕਸ, ਫੁੱਟਬਾਲ, ਬਾਕਸਿੰਗ, ਜੂਡੋ, ਕੁਸ਼ਤੀ, ਬੈਡਮਿੰਟਨ, ਪਾਵਰਲਿਫਟਿੰਗ, ਟੇਬਲ ਟੈਨਿਸ, ਚੈੱਸ, ਤੈਰਾਕੀ, ਵੇਟਲਿਫਟਿੰਗ, ਕਬੱਡੀ (ਸਰਕਲ ਅਤੇ ਨੈਸ਼ਨਲ), ਖੋ- ਖੋ, ਗੱਤਕਾ, ਵਾਲੀਬਾਲ ਸ਼ੂਟਿੰਗ ਅਤੇ ਸਮੈਸ਼ਿੰਗ, ਕਿੱਕ ਬਾਕਸਿੰਗ, ਬਾਸਕਿਟ ਬਾਲ, ਸਵਿਮਿੰਗ ਵਰਗੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਨਾਂ ਖੇਡਾਂ ਵਿੱਚ ਹਰ ਇੱਕ ਉਮਰ ਦਾ ਵਿਅਕਤੀ ਭਾਗ ਲੈ ਸਕਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਇਹ ਚਾਰ ਰੋਜਾ ਖੇਡਾਂ ਜ਼ਿਲ੍ਹੇ ਦੇ ਛੇ ਵੱਖ- ਵੱਖ ਸਕੂਲਾਂ ਦੇ ਖੇਡ ਸਟੇਡੀਅਮਾਂ ਵਿੱਚ ਕਰਵਾਈਆਂ ਜਾਣਗੀਆਂ। ਇਨ੍ਹਾਂ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਖਿਡਾਰੀ ਆਨਲਾਈਨ ਜਾਂ ਆਫਲਾਈਨ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਹੋਰ ਦੱਸਿਆ ਕਿ ਚਾਹਵਾਨ ਖਿਡਾਰੀ ਆਪਣੀ ਰਜਿਸਟ੍ਰੇਸ਼ਨ ਵੈੱਬਸਾਈਟ https://eservices.punjab.gov.in/loginWindow.do ਤੇ ਵੀ ਕਰ ਸਕਦੇ ਹਨ। ਉਨ੍ਹਾਂ ਹੋਰ ਦੱਸਿਆ ਕਿ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਖਿਡਾਰੀ ਮਿਤੀ 21 ਸਤੰਬਰ 2024 ਨੂੰ ਸਵੇਰੇ 08:00 ਵਜੇ ਡਾ. ਜਾਕਿਰ ਹੁਸੈਨ ਸਟੇਡੀਅਮ, ਮਾਲੇਰਕੋਟਲਾ ਵਿਖੇ ਆਪਣੇ ਦਸਤਾਵੇਜ (ਆਧਾਰ ਕਾਰਡ ਦੀ ਕਾਪੀ, ਬੈਂਕ -ਪਾਸਬੁੱਕ ਦੀ ਕਾਪੀ, ਪਾਸਪੋਰਟ ਸਾਈਜ ਫੋਟੋ) ਨਾਲ ਲੈ ਕੇ ਆਉਣਾ ਯਕੀਨੀ ਬਣਾਉਣ।

ਰੋਜ਼ਾਨਾ ਲੋਕ ਬਾਣੀ www.lokbani

# ਲਾਇਨ ਕਲੱਬ ਸ੍ਰੀ ਅਨੰਦਪੁਰ ਸਾਹਿਬ ਵਲੋਂ 20 ਸਤੰਬਰ ਨੂੰ ਲਗਾਇਆ ਜਾਵੇਗਾ ਖੂਨਦਾਨ ਕੈਂਪ

ਸ੍ਰੀ ਅਨੰਦਪੁਰ ਸਾਹਿਬ,(ਦਵਿੰਦਰਪਾਲ ਸਿੰਘ) ਲਾਇਨ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੀ ਮੀਟਿੰਗ ਸਥਾਨਕ ਹੋਟਲ ਸਤਲੁਜ ਵਿਖੇ ਕਲੱਬ ਦੇ ਪ੍ਰਧਾਨ ਰਾਜਵਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪੀ ਆਰ ਓ ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਹਰ ਸਾਲ ਭਾਈ ਕਨ੍ਹੀਆ ਜੀ ਦੀ ਬਰਸੀ ਮੌਕੇ ਕਲੱਬ ਵੱਲੋਂ ਲਗਾਏ ਜਾਂਦੇ ਖੂਨਦਾਨ ਕੈਂਪ ਸਬੰਧੀ ਮਤਾ ਪਾਸ ਕੀਤਾ ਕਿ 20 ਸਤੰਬਰ ਦਿਨ ਸ਼ੁਕਰਵਾਰ ਨੂੰ ਡੇਰਾ ਭਾਈ ਘਨਈਆ ਜੀ ਨੇੜੇ ਰੇਲਵੇ ਸਟੇਸ਼ਨ ਵਿਖੇ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਖੂਨਦਾਨ ਕੈਂਪ ਆਯੋਜਿਤ ਕੀਤਾ ਜਾਵੇਗਾ।ਜਿਸ ਲਈ ਪ੍ਰੋਜੈਕਟ ਚੈਅਰਮੈਨ ਭੁਪਿੰਦਰਪਾਲ ਸਿੰਘ ਤਲਵਾੜ ਨੂੰ ਨਿਯੁਕਤ ਕੀਤਾ ਗਿਆ ਕਲੱਬ ਸੈਕਟਰੀ ਸੰਜੇ ਮਹਾਜਨ ਜੀ ਵੱਲੋਂ ਦੱਸਿਆ ਗਿਆ ਬੱਸ ਸਟੈਂਡ ਤੇ ਸਵਾਰੀਆਂ ਦੀ ਸਹੂਲਤ ਲਈ ਕਲੱਬ ਵੱਲੋਂ ਬਣਾਏ ਗਏ ਸੈਡ ਦੀ ਰਿਪੇਅਰ ਕਰਵਾਉਣ ਦਾ ਜੋ ਕੰਮ ਚੱਲ ਰਿਹਾ ਸੀ ਮੁਕੰਮਲ ਹੋ ਗਿਆ ਹੈ ,ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਇਸ ਪ੍ਰੋਜੈਕਟ ਦੇ ਚੈਅਰਮੈਨ ਕੁਲਦੀਪ ਸਿੰਘ ਭੱਠੇ ਵਾਲਿਆ ਵੱਲੋਂ ਪਾਏ ਗਏ ਵਿਸ਼ੇਸ਼ ਯੋਗਦਾਨ ਲਈ ਉਘੇ ਸਮਾਜ ਸੇਵੀ ਲਇਨ ਕੁਲਦੀਪ ਸਿੰਘ ਭਠੇ ਵਾਲਿਆਂ ਦਾ ਕਲੱਬ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਨਵੇਂ ਬਣੇ ਮੈਂਬਰ ਵਿਸ਼ਾਲ ਮਹਿਰਾਂ ਨੂੰ ਇੰਟਰਨੈਸ਼ਨਲ ਪਿੰਨ ਲਾ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ



ਕਲੱਬ ਪ੍ਰਧਾਨ ਰਾਜਵਿੰਦਰ ਸਿੰਘ ਸੋਢੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਲੱਬ ਵੱਲੋਂ ਹੋਰ ਸਰਗਰਮੀਆਂ ਵਧਾਉਣ ਅਤੇ ਸਮਾਜ ਭਲਾਈ ਦੇ ਕੰਮਾਂ ਲਈ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਮੀਟਿੰਗ ਦੇ ਅੰਤ ਵਿੱਚ ਕੈਸ਼ੀਅਰ ਸੁਖਵਿੰਦਰ ਸਿੰਘ ਬਿੱਟੂ ਵੱਲੋਂ ਆਏ ਹੋਏ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਗਿਆ ਮੀਟਿੰਗ ਵਿੱਚ ਉਪਰੋਕਤ ਤੋਂ ਬਿਨਾਂ ਲਾਇਨ ਦਵਿੰਦਰ ਕੌਸ਼ਲ, ਲਾਇਨ ਵਿਜੇ ਸੋਢੀ, ਲਾਇਨ ਅਰਸਵਿੰਦਰ ਸਿੰਘ ਛੱਬਲੀ, ਲਾਇਨ ਤਜਿੰਦਰ ਸਿੰਘ ਚੰਨ, ਲਾਇਨ ਪ੍ਰੀਤਮਪਾਲ ਸਿੰਘ ਭੁੱਲ, ਲਾਇਨ ਅਵਤਾਰ ਸਿੰਘ ਬੈਗਾਂ ਵਾਲੇ ਲਾਇਨ ਮਹੇਸ਼ ਕੁਮਾਰ, ਲਾਇਨ ਹਰਸਿਮਰਨ ਸਿੰਘ ਸਫੀ , ਲਾਇਨ ਹਰਚਰਨ ਸਿੰਘ ਬੇਦੀ, ਲਾਇਨ ਅਮਰਿੰਦਰ ਸਿੰਘ ਚੀਮਾ, ਲਾਇਨ ਜਪਨਜੋਤ ਸਿੰਘ ਸੈਫੀ, ਲਾਇਨ ਐਡਵੋਕੇਟ ਵਿਸ਼ਾਲ ਮਹਿਰਾ,ਸਮੇਤ ਕਲੱਬ ਮੈਂਬਰ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਜਿਲਾ ਮੈਜਿਸਟਰੇਟ ਸ੍ਰੀ ਉਮਾ ਸ਼ੰਕਰ ਗੁਪਤਾ ਵਲੋਂ ਜਿਲਾ ਗੁਰਦਾਸਪੁਰ ਦੀ ਹਦੂਦ ਅੰਦਰ ਪਾਬੰਦੀਆ ਦੇ ਹੁਕਮ ਜਾਰੀ

ਗੁਰਦਾਸਪੁਰ-ਨਵਨੀਤ ਕੁਮਾਰ - ਸ੍ਰੀ ਉਮਾ ਸ਼ੰਕਰ ਗੁਪਤਾ, ਜਿਲਾ ਮੈਜਿਸਟਰੇਟ, ਗੁਰਦਾਸਪੁਰ ਵਲੋਂ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦੇ ਹੋਏ, ਜਿਲਾ ਗੁਰਦਾਸਪੁਰ ਦੀ ਹਦੂਦ ਅੰਦਰ ਝੋਨੇ ਦੀ ਕਟਾਈ ਉਪਰੰਤ ਇਸ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਨ ਤੇ ਮੁਕੰਮਲ ਤੌਰ ਤੇ ਪਾਬੰਦੀ ਲਗਾਈ ਗਈ ਹੈ। ਹੁਕਮਾਂ ਵਿੱਚ ਕਿਹਾ ਗਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਝੋਨੇ ਦੀ ਕਟਾਈ ਜਿਆਦਾਤਰ ਕੰਬਾਈਨ ਮਸ਼ੀਨ ਦੁਆਰਾ ਹੀ ਕੀਤੀ ਜਾਂਦੀ ਹੈ ਅਤੇ ਝੋਨੇ ਦੀ ਪਰਾਲੀ ਨੂੰ ਜਮੀਨ ਵਿੱਚ ਹੀ ਛੱਡ ਦਿੱਤਾ ਜਾਂਦਾ ਹੈ ਅਤੇ ਬਾਅਦ ਵਿੱਚ ਇਸ ਪਰਾਲੀ ਨੂੰ ਅੱਗ ਲਗਾ ਕੇ ਸਾੜਿਆ ਜਾਂਦਾ ਹੈ, ਜਿਸ ਕਰਕੇ ਝੋਨੇ ਦੇ ਨਾੜ ਨੂੰ ਨਸ਼ਟ ਕਰਨ ਦੇ ਮੰਤਵ ਲਈ ਲਗਾਈ ਗਈ ਅੱਗ ਉਸ ਖੇਤ ਨਾਲ ਲੱਗਦੀਆਂ ਫਸਲਾਂ, ਘਰਾਂ, ਦਰਖਤਾਂ, ਪਸ਼ੂਆਂ, ਰਸਤੇ ਤੋਂ ਗੁਜਰਦੇ ਵਾਹਨਾਂ ਆਦਿ ਨੂੰ ਵੀ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ, ਜਿਸ ਨਾਲ ਕਾਫੀ ਜਾਨੀ/ਮਾਲੀ ਨੁਕਸਾਨ ਹੁੰਦਾ ਹੈ ਅਤੇ ਕਈ ਹਾਦਸੇ ਵੀ ਵਾਪਰਦੇ ਹਨ। ਇਸ ਤੋਂ ਇਲਾਵਾ ਇਸ ਅੱਗ ਨਾਲ ਧਰਤੀ ਵਿਚੋਂ ਕਈ ਕੀਮਤੀ ਤੱਤ ਵੀ ਤਬਾਹ ਹੋ ਜਾਂਦੇ ਹਨ ਅਤੇ



ਧਰਤੀ ਦੀ ਉਪਜਾਊ ਸ਼ਕਤੀ ਤੇ ਵੀ ਅਸਰ ਪੈਂਦਾ ਹੈ। ਸਿਟੇ ਵਜੋਂ ਜਨ-ਜੀਵਨ ਅਤੇ ਵਾਤਾਵਰਨ ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਸ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆਂ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਨ ਨੂੰ ਰੋਕਣ ਦੀ ਅਤਿਅੰਤ ਜ਼ਰੂਰਤ ਹੈ। ਇਹ ਹੁਕਮ ਮਿਤੀ 19 ਸਤੰਬਰ 2024 ਤੋਂ ਮਿਤੀ 30 ਨਵੰਬਰ 2024 ਤੱਕ ਲਾਗੂ ਰਹਿਣਗੇ। ਇਸ ਦੀ ਉਲੰਘਣਾ ਹੋਣ ਤੇ ਪੁਲਿਸ ਵਲੋਂ 188 9♦3 ਅਧੀਨ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਰੋਜ਼ਾਨਾ ਲੋਕ ਬਾਣੀ www.lokbani

# ਮੁੱਖ ਮੰਤਰੀ ਪੰਜਾਬ ਦੇ ਨਾਂ ਤੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਸੂਬਾਈ ਪੈਨਸ਼ਨਰ ਰੈਲੀ ਕਰਨ ਦਾ ਭੇਜਿਆ ਨੋਟਿਸ:ਪੈਨਸ਼ਨਰ ਜੁਆਇੰਟ ਫਰੰਟ





ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਫ਼ਗਵਾੜਾ ਦੇ ਆਗੂਆਂ ਹੰਸ ਰਾਜ ਬੰਗੜ, ਮੋਹਣ ਸਿੰਘ ਭੱਟੀ ਅਤੇ ਰਾਜ ਕੁਮਾਰ ਦੁੱਗਲ ਦੀ ਪ੍ਰਧਾਨਗੀ ਹੇਠ ਟਾਊਨ ਹਾਲ ਫਗਵਾੜਾ ਦੇ ਪਾਰਕ ਵਿਖੇ ਵੱਖ-ਵੱਖ ਵਿਭਾਗਾਂ ਦੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਰੈਲੀ ਕੀਤੀ।ਰੈਲੀ ਕਰਨ ਦੇ ਮਕਸਦ ਨੂੰ ਉਜਾਗਰ ਕਰਦਿਆਂ ਗਿਆਨ ਚੰਦ ਨਈਅਰ, ਕਰਨੈਲ ਸਿੰਘ ਸੰਧੂ,ਰਾਮ ਕ੍ਰਿਸ਼ਨ ਪ੍ਰਿੰਸੀਪਲ, ਜਸਵੀਰ ਸਿੰਘ ਸੈਣੀ, ਪਰਮਿੰਦਰ ਪਾਲ ਸਿੰਘ, ਤਾਰਾ ਸਿੰਘ ਬੀਕਾ,ਕੁਲਦੀਪ ਸਿੰਘ ਕੌੜਾ ਆਦਿ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵਲੋਂ ਦਿੱਤੇ ਗਏ ਸੱਦੇ ਅਨੁਸਾਰ ਅੱਜ ਸਮੁੱਚੇ ਪੰਜਾਬ ਵਿੱਚ ਰੈਲੀਆਂ ਕਰਕੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਪੈਨਸ਼ਨਰਾਂ ਦੀ ਵਿਸ਼ਾਲ ਸੂਬਾਈ ਰੈਲੀ ਕਰਨ ਦੇ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਨੋਟਿਸ ਭੇਜੇ ਜਾ ਰਹੇ ਹਨ ਅਤੇ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਜਾ ਰਹੀ ਹੈ ਕਿ ਪੈਨਸ਼ਨਰਾਂ ਦੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਦਾ ਨਿਪਟਾਰਾ ਕਰਨ ਲਈ ਪੈਨਸ਼ਨਰ ਜੁਆਇੰਟ ਫਰੰਟ ਪੰਜਾਬ ਦੇ ਆਗੂਆਂ ਨਾਲ 15 ਅਕਤੂਬਰ ਤੋਂ ਪਹਿਲਾਂ ਪਹਿਲਾਂ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਦਾ ਐਲਾਨ ਕੀਤਾ ਜਾਵੇ। ਜੇਕਰ ਸਮੁੱਚੇ ਪੰਜਾਬ ਵਿੱਚੋਂ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਨੋਟਿਸ ਜਾਣ ਦੇ ਬਾਵਜੂਦ ਵੀ ਮੁੱਖ ਮੰਤਰੀ ਪੰਜਾਬ ਵਲੋਂ 15 ਅਕਤੂਬਰ ਤੱਕ ਪੈਨਸ਼ਨਰ ਜੁਆਇੰਟ ਫਰੰਟ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਨ ਲਈ ਕੋਈ ਵੀ ਹੁੰਗਾਰਾ ਨਹੀਂ ਭਰਿਆ ਜਾਂਦਾ ਤਾਂ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾਈ ਰੈਲੀ ਜ਼ਰੂਰ ਕੀਤੀ ਜਾਵੇਗੀ ਅਤੇ ਰੋਸ ਮਾਰਚ ਵੀ ਕੀਤਾ ਜਾਵੇਗਾ, ਜਿਸ ਲਈ ਜ਼ਿੰਮੇਵਾਰ ਮੁੱਖ ਮੰਤਰੀ ਪੰਜਾਬ ਨਿੱਜੀ ਤੌਰ ਤੇ ਹੋਣਗੇ।ਵੱਖ -ਵੱਖ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਲਈ ਰਤੀ ਭਰ ਵੀ ਗੰਭੀਰ ਨਹੀਂ ਹੈ। ਮੰਗਾਂ ਨੂੰ ਲਾਗੂ ਕਰਨ ਲਈ ਪਿਛਲੇ ਢਾਈ ਸਾਲਾਂ ਤੋਂ ਲਾਰੇ ਲੱਪੇ ਵਾਲੀ ਪਹੁੰਚ ਅਖਤਿਆਰ ਕੀਤੀ ਹੋਈ ਹੈ। ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਬੰਨਵੇਂ ਵਿਧਾਇਕਾਂ ਦੀ ਗਿਣਤੀ ਦੇ ਹੰਕਾਰ ਅਤੇ ਘੁਮੰਡ ਵਿੱਚ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਵਾਰ ਵਾਰ ਮੀਟਿੰਗ ਕਰਨ ਤੋਂ ਭੱਜ ਰਿਹਾ ਹੈ ਅਤੇ ਮੰਗਾਂ ਨੂੰ ਲਾਗੂ ਕਰਨ ਲਈ ਕੋਈ ਵੀ ਗੰਭੀਰਤਾ ਨਹੀਂ ਦਿਖਾ ਰਿਹਾ। ਬਹੁ ਗਿਣਤੀ ਪੈਨਸ਼ਨਰ ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਨੂੰ ਉਡੀਕਦੇ ਉਡੀਕਦੇ ਅਗਲੇ ਜਹਾਨ ਨੂੰ ਕੂਚ ਕਰ ਚੁੱਕੇ ਹਨ। ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪੇ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਪੈਨਸ਼ਨ ਰੀਵਾਈਜ ਕਰਨ ਲਈ 2.59 ਦਾ ਗੁਣਾਂਕ ਲਾਗੂ ਕਰਨ,ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਜਾਰੀ ਕਰਨ, ਮੈਡੀਕਲ ਭੱਤਾ 3000/- ਰੁਪਏ ਮਹੀਨਾ ਕਰਨ, ਕੈਸ਼ ਲੈੱਸ ਹੈਲਥ ਸਕੀਮ ਸੋਧ ਕੇ ਦੋਬਾਰਾ ਚਾਲੂ ਕਰਨ,ਡੀ ਏ ਦੀਆਂ 12 ਪ੍ਰਤੀਸ਼ਤ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਪਿਛਲੇ ਬਕਾਏ ਜਾਰੀ ਕਰਨ ਆਦਿ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਵਾਉਣ ਲਈ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵਲੋਂ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾਣ ਵਾਲੀ ਸੂਬਾਈ ਰੈਲੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇਗਾ।ਰੈਲੀ ਕਰਨ ਉਪਰੰਤ ਐਡੀਸ਼ਨਲ ਡਿਪਟੀ ਕਮਿਸ਼ਨਰ ਫ਼ਗਵਾੜਾ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦੇ ਨਾਂ ਤੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾਈ ਰੈਲੀ ਅਤੇ ਰੋਸ ਮਾਰਚ ਕਰਨ ਦਾ ਨੋਟਿਸ ਭੇਜਿਆ ਗਿਆ ਅਤੇ 15 ਅਕਤੂਬਰ ਤੱਕ ਜੁਆਇੰਟ ਪੈਨਸ਼ਨਰ ਫਰੰਟ ਦੇ ਆਗੂਆਂ ਨਾਲ ਗੱਲਬਾਤ ਕਰਦੇ ਹੋਏ ਪੈਨਸ਼ਨਰਾਂ ਦੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਦੀ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਗਈ। ਰੈਲੀ ਕਰਨ ਉਪਰੰਤ ਐਡੀਸ਼ਨਲ ਡਿਪਟੀ ਕਮਿਸ਼ਨਰ ਅਤੇ ਐੱਸ ਡੀ ਐੱਮ ਦੀ ਗੈਰਮੌਜੂਦਗੀ ਵਿੱਚ ਸ.ਬਲਜਿੰਦਰ ਸਿੰਘ ਤਹਿਸੀਲਦਾਰ ਫ਼ਗਵਾੜਾ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਪੈਨਸ਼ਨਰ ਸੂਬਾਈ ਰੈਲੀ ਕਰਨ ਦਾ ਨੋਟਿਸ ਭੇਜਿਆ ਗਿਆ।ਇਸ ਸਮੇਂ ਹੋਰਨਾਂ ਤੋਂ ਇਲਾਵਾ ਸੋਢੀ ਰਾਮ ਭਬਿਆਣਾ,ਸੀਤਲ ਰਾਮ ਬੰਗਾ, ਗੁਰਮੇਲ ਚੰਦ, ਸਤਪਾਲ ਸਿੰਘ ਖੱਟਕੜ,ਹਰਚਰਨ ਭਾਰਤੀ, ਕੁਲਵੰਤ ਸਿੰਘ ਭਿੰਡਰ, ਬਲਵੀਰ ਚੰਦ, ਪ੍ਰਮੋਦ ਕੁਮਾਰ ਜੋਸ਼ੀ, ਤਰਸੇਮ ਲਾਲ, ਹਰਬਲਾਸ ਬਾਲੂ, ਹਰਭਜਨ ਲਾਲ ਕੌਲ, ਗਿਆਨ ਚੰਦ ਰੱਤੂ, ਗੁਰਨਾਮ ਸਿੰਘ ਸੈਣੀ, ਕ੍ਰਿਸ਼ਨ ਗੋਪਾਲ ਚੋਪੜਾ,ਭੁਪਿੰਦਰ ਸਿੰਘ ਮਾਹੀ, ਗੁਰਦੀਪ ਕੁਮਾਰ ਜੱਸੀ, ਜਸਪਾਲ ਸਿੰਘ ਕੰਦੋਲਾ, ਯਸ਼ ਪਾਲ, ਨਰਿੰਦਰ ਸ਼ਰਮਾ,ਕੇ ਕੇ ਪਾਂਡੇ,ਰਾਮ ਲੁਭਾਇਆ ਰਿਹਾਣਾ ਜੱਟਾਂ, ਸਤਪਾਲ ਮਹਿਮੀ, ਤਰਲੋਕ ਸਿੰਘ, ਸ਼੍ਰੀ ਰਾਮ,ਭਾਗ ਮੱਲ, ਤਰਸੇਮ ਲਾਲ ਗੁਰਾਇਆ, ਬਲਵੀਰ ਸਿੰਘ ਭੁਲਾਰਾਈ, ਜਸਵੀਰ ਭੰਗੂ, ਮਹਿੰਦਰ ਪਾਲ, ਲਸ਼ਕਰ ਸਿੰਘ, ਗੁਰਬਚਨ ਲਾਲ, ਹਰਦੇਵ ਸਿੰਘ, ਦਿਲਬਰ ਸਿੰਘ ਆਦਿ ਪੈਨਸ਼ਨਰ ਸਾਥੀ ਹਾਜ਼ਰ ਹੋਏ

ਰੋਜ਼ਾਨਾ ਲੋਕ ਬਾਣੀ
www.lokbani

# ਜ਼ਿਲ੍ਹਾ ਬਾਲ ਸੁਰੱਖਿਆ ਦ.ਫ਼ਤਰ ਵੱਲੋਂ ਮਨੂ ਵਾਟਿਕਾ ਸਕੂਲ ਤੇ ਡੀ ਏ ਵੀ ਪਬਲਿਕ ਸਕੂਲ ਬੁਢਲਾਡਾ ਵਿਖੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ



ਮਾਨਸਾ ( ਲੋਕ ਬਾਣੀ ) ਜ਼ਿਲ੍ਹਾ ਬਾਲ ਸੁਰੱਖਿਆ ਦ.ਫ਼ਤਰ ਵੱਲੋਂ ਮਨੂ ਵਾਟਿਕਾ ਸਕੂਲ ਤੇ ਡੀ ਏ ਵੀ ਪਬਲਿਕ ਸਕੂਲ ਬੁਢਲਾਡਾ ਵਿਖੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ, ਜਿੱਥੇ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਸਬੰਧੀ ਜਾਣੂ ਕਰਵਾਇਆ ਗਿਆ।

ਕਾਊਂਸਲਰ ਸ੍ਰੀ ਰਾਜਿੰਦਰ ਵਰਮਾ ਨੇ ਬੱਚਿਆਂ ਜ਼ਿਲ੍ਹਾ ਬਾਲ ਸੁਰੱਖਿਆ ਦ.ਫ਼ਤਰ ਪਾਸੋਂ ਬੱਚਿਆਂ ਨਾਲ ਸਬੰਧਤ ਮਿਲਣ ਵਾਲੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਾਲ ਸੁਰੱਖਿਆ ਵਿਭਾਗ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਤੋਂ ਜਾਣੂ ਕਰਵਾਉਣਾ ਲਾਜ਼ਮੀ ਹੈ ਤਾਂ ਜੋ ਕਿਸੇ ਲੋੜਵੰਦ ਬੱਚੇ ਦੀ ਮਦਦ ਕੀਤੀ ਜਾ ਸਕੇ।

ਉਨ੍ਹਾਂ ਜਿਣਸੀ ਐਕਟ ਬਾਰੇ ਜਾਣੂ ਕਰਵਾਉਂਦਿਆਂ ਕਿਹਾ ਕਿ ਮੋਬਾਇਲ ’ਤੇ ਗਲਤ ਸੁਨੇਹੇ ਭੇਜਣ ਅਤੇ ਛੇੜਛਾੜ ਕਰਨ ’ਤੇ ਸਖ਼ਤ ਸਜ਼ਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਬਾਲ ਵਿਆਹ, ਬਾਲ ਮਜ਼ਦੂਰੀ ਅਤੇ ਕਿਸੇ ਮੁਸੀਬਤ ਵਿਚ ਮਿਲੇ ਬੱਚੇ ਦੀ ਮਦਦ ਲਈ ਚਾਈਲਡ ਹੈਲਪਲਾਈਨ ਨੰਬਰ 1098’ਤੇ ਸੂਚਨਾ ਦਿੱਤੀ ਜਾ ਸਕਦੀ ਹੈ। ਉਨਾ ਆਧਿਆਪਕਾ ਨੂੰ ਕਿਹਾ ਕਿ ਬੱਚੇ ਨਾਲ ਕੁੱਟਮਾਰ ਨਹੀ ਕਰਨੀ ਤੇ ਨਾ ਹੀ ਗਲਤ ਸ਼ਬਦ ਤੇ ਸਰੀਰਕ ਸਜਾ ਦੇਣੀ ਹੈ ਇਸ ਤੋਂ ਇਲਾਵਾ ਬਾਲ ਭਲਾਈ ਕਮੇਟੀ, ਬੱਚਤ ਭਵਨ ਮਾਨਸਾ ਅਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰਬਰ 33 ਵਿਖੇ ਸਥਿਤ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

ਰਜਿੰਦਰ ਵਰਮਾ ਵਲੋ ਬੱਚਿਆ ਨੂੰ ਨਵੇ ਟਰੈਫਿਕ ਨਿਯਮਾ ਬਾਰੇ ਦੱਸਿਆ ਕਿ ਜੇਕਰ 18ਸਾਲ ਘੱਟ ਬੱਚਿਆ ਵਲੋ ਟਰੈਫਿਕ ਨਿਯਮਾ ਦੀ ਉਲਘਣਾ ਕੀਤੀ ਜਾਦੀ ਹੈ ਤਾ ਤਿੰਨ ਸਾਲ ਦੀ ਸਜਾ ਮਾਤਾ ਪਿਤਾ ਨੂੰ ਤੇ ਪੱਚੀ ਹਜਾਰ ਰੁਪਏ ਜੁਰਮਾਨਾ ਹੋਵੇਗਾ ਇਸ ਮੌਕੇ ਸਕੂਲ ਦੇ ਸਟਾਫ ਮੈਂਬਰ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਮੋਰਨਿੰਗ ਵਾਲੀਬਾਲ ਕਲੱਬ ਵੱਲੋਂ ਪਹਿਲਾ ਸ਼ੂਟਿੰਗ ਵਾਲੀਬਾਲ ਟੂਰਨਾਮੈਂਟ 20 ਸਤੰਬਰ ਨੂੰ



ਰੂਪਨਗਰ, (ਦਵਿੰਦਰਪਾਲ ਸਿੰਘ): ਮੌਰਨਿੰਗ ਵਾਲੀਬਾਲ ਕਲੱਬ ਰੂਪਨਗਰ ਵੱਲੋਂ ਸਰਕਾਰੀ ਕਾਲਜ ਰੂਪਨਗਰ ਦੇ ਖੇਡ ਮੈਦਾਨ ਵਿੱਚ ਪਹਿਲਾ ਸ਼ੂਟਿੰਗ ਵਾਲੀਬਾਲ ਟੂਰਨਾਮੈਂਟ 20 ਸਤੰਬਰ ਦਿਨ ਸ਼ੁਕਰਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਵੱਖ ਵੱਖ ਰਾਜਾਂ ਦੀਆਂ 10 ਨਾਮੀ ਅਕੈਡਮੀਆਂ ਦੇ ਖਿਡਾਰੀ ਭਾਗ ਲੈਣਗੇ। ਪਹਿਲਾ ਇਨਾਮ 31 ਹਜਾਰ ਰੁਪਏ ਨਗਦ, ਦੂਜਾ 21 ਹਜ਼ਾਰ ਅਤੇ ਤੀਜਾ ਤੇ ਚੌਥਾ ਇਨਾਮ 51-51ਸੌ ਦੇ ਦਿੱਤੇ ਜਾਣਗੇ। ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ 2100 ਰੁਪਏ ਨਗਦ ਅਤੇ ਸਮਾਰਟ ਵਾਚ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਟੂਰਨਾਮੈਂਟ ਵਿੱਚ ਇੱਕ ਪਿੰਡ ਦੀਆਂ ਨਿਰੋਲ ਟੀਮਾਂ ਦੇ ਮੈਚ ਵੀ ਕਰਵਾਏ ਜਾਣਗੇ ਜਿਨਾਂ ਨੂੰ ਨਗਦ ਇਨਾਮ ਦਿੱਤੇ ਜਾਣਗੇ।

ਰੋਜ਼ਾਨਾ ਲੋਕ ਬਾਣੀ
www.lokbani

# ਸਾਵਧਾਨ ਮਾਛੀਵਾੜਾ ਸਾਹਿਬ ਵਿੱਚ ਫਿਰ ਤੋਂ ਮੋਟਰ ਚੋਰ ਗਰੋਹ ਸਰਗਰਮ



ਸ੍ਰੀ ਮਾਛੀਵਾੜਾ ਸਾਹਿਬ–(ਲੋਕ ਬਾਣੀ)– --ਮਾਛੀਵਾੜਾ ਸਾਹਿਬ ਵਿੱਚ ਫਿਰ ਤੋਂ ਮੋਟਰ ਚੋਰ ਗਰੋਹ ਸਰਗਰਮ ਹੋ ਗਿਆ ਹੈ। ਬੀਤੇ ਕੁਝ ਮਹੀਨਿਆਂ ਤੋਂ ਭਾਵੇਂ ਚੋਰੀ ਦੀਆਂ ਹੋਰ ਘਟਨਾਵਾਂ ਤਾਂ ਸਾਹਮਣੇ ਆ ਰਹੀਆਂ ਸਨ, ਪਰ ਮੋਟਰਾਂ ਚੋਰੀ ਹੋਣ ਦੀਆਂ ਘਟਨਾਵਾਂ ਨੂੰ ਕੁਝ ਸਮੇ ਲਈ ਠੱਲ ਪੈ ਗਈ ਸੀ ਬੀਤੇ ਕੱਲ੍ਹ ਮਾਛੀਵਾੜਾ ਵਾਸੀ ਜਗਰੂਪ ਸਿੰਘ ਦੀ ਮੋਟਰ ਬੁਰਜ ਕੱਚਾ ਤੋਂ ਚੋਰੀ ਹੋ ਗਈ ਹੈ,ਜਗਰੂਪ ਸਿੰਘ ਨੇ ਦੱਸਿਆ ਕਿ ਉਹ ਮਾਛੀਵਾੜਾ ਸਾਹਿਬ ਵਿਖੇ ਰਹਿੰਦਾ ਹੈ ਜਦਕਿ ਉਸਦੀ ਜਮੀਨ ਬੁਰਜ ਕੱਚਾ ਪਿੰਡ ਵਿੱਚ ਹੈ, ਜਿੱਥੇ ਪੰਜ ਹਾਰਸ ਪਾਵਰ ਦੀ ਮੋਟਰ ਲੱਗੀ ਹੋਈ ਸੀ। ਅੱਜ ਜਦੋਂ ਉਹ ਸਵੇਰੇ ਆਪਣੇ ਖੇਤਾਂ ਵਿੱਚ ਗੇੜਾ ਮਾਰਨ ਗਿਆ ਤਾਂ ਉੱਥੇ ਮੋਟਰ ਨਾ ਦੇਖ ਕੇ ਉਸਦੇ ਪੈਰਾਂ ਹੇਠੋਂ ਜਮੀਨ ਨਿਕਲ ਗਈ। ਉਸਨੇ ਕਿਹਾ ਕਿ ਮੋਟਰ ਚੋਰ ਗਰੋਹ ਇੰਨੇ ਛਾਤਰ ਦਿਮਾਗ ਦੇ ਹਨ ਕਿ ਨੇੜੇ ਤੇੜੇ ਕੋਈ ਸੁਰਾਗ ਵੀ ਨਹੀਂ ਛੱਡਦੇ। ਉਹਨਾਂ ਮਾਛੀਵਾੜਾ ਥਾਣਾ ਵਿੱਚ ਲਿਖਤੀ ਸ਼ਿਕਾਇਤ ਦਰਜ ਕਰਵਾਉਣ ਉਪਰੰਤ ਕਿਹਾ ਕਿ ਇਲਾਕੇ ਵਿੱਚ ਨਸ਼ੇੜੀਆਂ ਦੀ ਭਰਮਾਰ ਹੋਣ ਕਾਰਨ ਚੋਰੀ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਆਏ ਦਿਨ ਕਿਸਾਨਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਕਿਉਂਕਿ ਕਿਸਾਨਾਂ ਦੇ ਖੇਤਾਂ ਵਿੱਚ ਬਣੇ ਹੋਏ ਸ਼ੈਡ ਜਾਂ ਮੋਟਰਾਂ ਵਿੱਚ ਖੇਤੀ ਨਾਲ ਸੰਬੰਧਿਤ ਕੀਮਤੀ ਸੰਦ ਅਕਸਰ ਪਏ ਰਹਿੰਦੇ ਹਨ । ਜਿਨ੍ਹਾਂ ਨੂੰ ਚੋਰ ਰਾਤ ਸਮੇਂ ਚੋਰੀ ਕਰ ਲੈ ਜਾਂਦੇ ਹਨ ਅਤੇ ਬਹੁਤ ਨਿਗੁਣੀ ਕੀਮਤ ਤੇ ਕਬਾੜੀਆਂ ਨੂੰ ਵੇਚਕੇ ਆਪਣੇ ਨਸ਼ੇ ਦੀ ਪੂਰਤੀ ਕਰਦੇ ਹਨ । ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਇਹਨਾਂ ਨੂੰ ਠੱਲ ਪਾਉਣ ਵਾਸਤੇ ਨਸ਼ੇੜੀਆਂ ਅਤੇ ਇਨਾਂ ਚੋਰ ਗ੍ਰੋਹਾਂ ਨੂੰ ਕਾਬੂ ਕਰ ਇਹਨਾਂ ਤੇ ਸਖਤ ਕਾਰਵਾਈ ਕੀਤੀ ਜਾਵੇ।

# ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਬਲਾਕ ਧੂਰੀ ਦੀ ਮੀਟਿੰਗ ਹੋਈ।



ਧੂਰੀ (ਲੋਕ ਬਾਣੀ) ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਬਲਾਕ ਧੂਰੀ ਦੀ ਮੀਟਿੰਗ ਅੱਜ ਪਿੰਡ ਲੱਡਾ ਦੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਗਈ । ਮੀਟਿੰਗ ਵਿੱਚ ਬੋਲਦਿਆਂ ਜ਼ਿਲਾ ਕਾਰਜਕਾਰੀ ਕਨਵੀਨਰ ਕੁਲਵਿੰਦਰ ਸੋਨੀ ਲੌਂਗੋਵਾਲ ਨੇ ਕਿਹਾ ਕਿ ਸਾਰੇ ਬਾਰਡਰਾਂ ਉੱਪਰ ਚੱਲ ਰਿਹਾ ਮੋਰਚਾ ਪੂਰੀ ਚੜ੍ਹਦੀਕਲਾ ਵਿਚ ਹੈ। ਐਮ ਐਸ ਪੀ ਦੀ ਕਾਨੂੰਨੀ ਗਰੰਟੀ ਨੂੰ ਲਾਗੂ ਕਰਵਾਉਣ ਲਈ ਕਿਸਾਨਾਂ ਮਜ਼ਦੂਰਾਂ ਦੀ ਸਮੁੱਚੀ ਕਰਜ਼ ਮੁਕਤੀ ਲਈ, ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਵਾਉਣ ਲਈ ਤੇ ਹੋਰ ਸਾਰੀਆਂ ਮੰਗਾਂ ਨੂੰ ਲੈਕੇ ਕਿਸਾਨ ਭਰਾ ਵੱਡੀ ਗਿਣਤੀ ਵਿੱਚ ਸ਼ੰਭੂ, ਖਨੌਰੀ,ਰਤਨਪੁਰਾ, ਡੱਬਵਾਲੀ ਬਾਰਡਰਾਂ ਤੇ ਵੱਡੀ ਗਿਣਤੀ ਲਗਭਗ 200 ਦਿਨ ਤੋਂ ਵੱਧ ਸਮੇਂ ਤੋਂ ਬਾਰਡਰਾਂ ਤੇ ਬੈਠੇ ਹਨ। ਲਗਾਤਾਰ ਦੋਵਾਂ ਫੋਰਮਾ ਵੱਲੋਂ ਦਿੱਤੇ ਪ੍ਰੋਗਰਾਮਾਂ ਵਿੱਚ ਲਗਾਤਾਰ ਵੱਡੀ ਗਿਣਤੀ ਕਿਸਾਨ ਮਜ਼ਦੂਰ ਭਰਾ ਤੇ ਮਾਂਵਾਂ ਭੈਣਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਜ਼ਿਲਾ ਆਗੂ ਸੰਤ ਰਾਮ ਛਾਜਲੀ ਤੇ ਜਸਵੀਰ ਮੈਦੇਵਾਸ ਨੇ ਬੋਲਦਿਆਂ ਕਿਹਾ ਕਿ ਦੋਵਾਂ ਫੋਰਮਾ ਵੱਲੋਂ ਦਿੱਤੇ ਪ੍ਰੋਗਰਾਮ 22 ਤਰੀਕ ਦੀ ਪੀਪਲੀ ਮਹਾਂਪੰਚਾਇਤ ਵਿਚ ਵੱਡੀ ਗਿਣਤੀ ਮਾਂਵਾਂ ਭੈਣਾਂ ਤੇ ਕਿਸਾਨ ਮਜ਼ਦੂਰ ਭਰਾਵਾਂ ਦੇ ਕਾਫਲੇ ਲੈਕੇ ਜਾਣ ਲਈ ਪੜਾਅਵਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਵੱਡੇ ਕਾਫਲੇ ਇਹਨਾਂ ਮਹਾਂਪੰਚਾਇਤ ਵਿੱਚ ਭੇਜੇ ਜਾਣਗੇ।ਅੱਜ ਦੀ ਮੀਟਿੰਗ ਵਿੱਚ ਬਲਾਕ ਆਗੂ ਸੁਖਵਿੰਦਰ ਪੇਧਨੀ, ਕੁਲਵਿੰਦਰ ਪੇਧਨੀ, ਪ੍ਰਿਤਪਾਲ ਸਿੰਘ ਲੱਡਾ, ਬਲਜੀਤ ਸਿੰਘ ਭੋਜੋਵਾਲੀ ਆਦਿ ਹਾਜ਼ਰ ਸਨ।

# ਮੋਹਾਲ਼ੀ ਪੁਲਿਸ ਵੱਲੋਂ ਫੈਕਟਰੀਆਂ ਨੂੰ ਪਾੜ ਲਗਾਕੇ ਚੋਰੀ ਕਰਨ ਵਾਲਾ 06 ਮੈਂਬਰੀ ਗਿਰੋਹ ਗ੍ਰਿਫ਼ਤਾਰ

ਮੋਹਾਲੀ , (ਲੋਕ ਬਾਣੀ)

ਡਾ. ਜੋਤੀ ਯਾਦਵ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਜ਼ਿਲ੍ਹਾ ਐਸ.ਏ.ਐਸ. ਨਗਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼੍ਰੀ ਦੀਪਕ ਪਾਰਿਕ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲ਼ੀ) ਪੁਲਿਸ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿਮ ਦੌਰਾਨ ਤਲਵਿੰਦਰ ਸਿੰਘ, ਉੱਪ ਕਤਪਾਨ ਪੁਲਿਸ (ਇੰਨਵੈਸਟੀਗੇਸ਼ਨ) ਜ਼ਿਲ੍ਹਾ ਐਸ.ਏ.ਐਸ. ਨਗਰ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਮੋਹਾਲ਼ੀ ਦੀ ਟੀਮ ਵੱਲੋਂ ਫੈਕਟਰੀਆਂ ਨੂੰ ਪਾੜ ਲਗਾਕੇ ਚੋਰੀ ਕਰਨ ਵਾਲ਼ੇ 06 ਮੈਂਬਰੀ ਗਿਰੋਹ ਨੂੰ ਵਾਰਦਾਤ ਵਿੱਚ ਵਰਤੀ ਜਾਂਦੀ ਗੱਡੀ ਮਾਰਕਾ ਮਹਿੰਦਰਾ ਪਿੱਕਅੱਪ ਸਮੇਤ ਗ੍ਰਿਫਤਾਰ ਕਰਕੇ ਗਰਿੱਡ, ਬੈਟਰੀ ਪਲੇਟਾਂ ਅਤੇ ਪੈਲੇਟ ਬ੍ਰਾਮਦ ਕਰਾਉਣ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।

ਡਾ. ਜੋਤੀ ਯਾਦਵ, ਆਈ.ਪੀ.ਐਸ. ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਜ਼ਿਲ੍ਹਾ ਐਸ.ਏ.ਐਸ. ਨਗਰ ਨੇ ਪ੍ਰੈਸ ਨੂੰ ਅੱਗੇ ਦੱਸਿਆ ਕਿ ਥਾਣਾ ਸਦਰ ਕੁਰਾਲ਼ੀ ਅਤੇ ਥਾਣਾ ਸਦਰ ਖਰੜ੍ਹ ਦੇ ਏਰੀਆ ਵਿੱਚ ਨਾ-ਮਾਲੂਮ ਵਿਅਕਤੀਆਂ ਵੱਲੋਂ ਫੈਕਟਰੀਆਂ ਨੂੰ ਪਾੜ ਲਗਾਕੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਸੀ। ਜਿਸ ਸਬੰਧ ਵਿੱਚ ਥਾਣਾ ਸਦਰ ਕੁਰਾਲ਼ੀ ਅਤੇ ਥਾਣਾ ਸਦਰ ਖਰੜ੍ਹ ਵਿਖੇ ਦੋ ਅਲੱਗ-ਅਲੱਗ ਮੁਕੱਦਮੇ ਦਰਜ ਰਜਿਸਟਰ ਹੋਏ ਸਨ। ਜੋ ਅਨ-ਟਰੇਸ ਸਨ। ਸੀ.ਆਈ.ਏ. ਸਟਾਫ ਦੀ ਟੀਮ ਵੱਲੋਂ ਟੈਕਨੀਕਲ ਐਨਾਲਾਇਸਿਸ ਅਤੇ ਹਿਊਮਨ ਸੋਰਸਾਂ ਰਾਹੀਂ ਤਫਤੀਸ਼ ਕਰਦੇ ਹੋਏ ਨਾ-ਮਾਲੂਮ ਪਾੜ ਚੋਰ ਗਿਰੋਹ ਦੇ ਦੋਸ਼ੀਆਂਨ ਨੂੰ ਟਰੇਸ ਕਰਕੇ, ਗ੍ਰਿਫਤਾਰ ਕੀਤਾ।



ਉਨ੍ਹਾਂ ਅੱਗੇ ਦੱਸਿਆ ਕਿ ਮਿਤੀ 05-09-2024 ਨੂੰ ਸਨੀ ਮਲਿਕ ਪੁੱਤਰ ਸ਼੍ਰੀ ਰਿਸ਼ੀਪਾਲ ਮਲਿਕ ਵਾਸੀ ਮਕਾਨ ਨੰ: 4352 ਸੈਕਟਰ-125 ਸੰਨੀ ਇੰਨਕਲੇਵ ਖਰੜ੍ਹ ਥਾਣਾ ਸਿਟੀ ਖਰੜ੍ਹ ਦੇ ਬਿਆਨਾ ਦੇ ਅਧਾਰ ਤੇ ਮੁਕੱਦਮਾ ਨੰ: 35 ਮਿਤੀ 05-09-2024 ਅ/ਧ 331(4), 305 2©♥ ਥਾਣਾ ਸਦਰ ਕੁਰਾਲ਼ੀ ਦਰਜ ਰਜਿਸਟਰ ਹੋਇਆ ਸੀ, ਕਿ ਉਸਨੇ ਪਿੰਡ ਸਿੰਘਪੁਰਾ ਵਿਖੇ ਬੈਕਸਾਈਡ ਫੋਕਲ ਪੁਆਇੰਟ ਇੱਕ ਫੈਕਟਰੀ ਸ਼ਿਵਾ ਬੈਟਰੀ ਇੰਡਸਟਰੀਜ ਦੇ ਨਾਮ ਪਰ ਕ੍ਰੀਬ 10 ਸਾਲ ਪਹਿਲਾਂ ਲਗਾਈ ਸੀ। ਜਿੱਥੇ ਕਿ 2✶1➢5 ਨਾਮ ਦੀਆਂ ਵੱਖ-ਵੱਖ ਐਮਪੇਅਰ ਦੀਆਂ ਬੈਟਰੀਆਂ ਬਣਦੀਆਂ ਹਨ। ਫੈਕਟਰੀ ਵਿੱਚ ਕ੍ਰੀਬ 25 ਮੁਲਾਜਮ ਕੰਮ ਕਰਦੇ ਹਨ ਅਤੇ 02 ਸੁਰੱਖਿਆ ਗਾਰਡ ਵੀ ਦਿਨ ਅਤੇ ਰਾਤ ਡਿਊਟੀ ਕਰਦੇ ਹਨ। ਉਸਦੀ ਫੈਕਟਰੀ ਵਿੱਚ ਮਿਤੀ 04/05-09-2024 ਦੀ ਦਰਮਿਆਨੀ ਰਾਤ ਨੂੰ ਨਾ-ਮਾਲੂਮ ਦੋਸ਼ੀਆਂਨ ਵੱਲੋਂ ਬੈਕਸਾਈਡ ਦੀ ਕੰਧ ਕ੍ਰੀਬ 03 ਫੁੱਟ ਚੌੜਾ ਪਾੜ ਲਗਾਕੇ ਫੈਕਟਰੀ ਵਿੱਚੋਂ ਭਾਰੀ ਮਾਤਰਾ ਵਿੱਚ ਗਰਿੱਡ ਅਤੇ ਬੈਟਰੀ ਪਲੇਟਾਂ ਚੋਰੀ ਕਰ ਲਈਆਂ ਸਨ। ਇਸ ਤੋਂ ਪਹਿਲਾਂ ਵੀ ਮਿਤੀ 14-08-2024 ਨੂੰ ਰਾਤ ਸਮੇਂ ਉਕਤ ਨਾ-ਮਾਲੂਮ ਚੋਰਾਂ ਵੱਲੋਂ ਦੂਸਰੀ ਕੰਧ ਨੂੰ ਪਾੜ ਲਗਾਕੇ ਭਾਰੀ ਮਾਤਰਾ ਵਿੱਚ ਗਰਿੱਡ ਅਤੇ ਬੈਟਰੀ ਪਲੇਟਾਂ ਚੋਰੀ ਕਰ ਲਈਆਂ ਸਨ। ਜਿਨਾਂ ਦੀ ਕੀਮਤ ਕ੍ਰੀਬ 10 ਲੱਖ ਰੁਪਏ ਸੀ।

ਇਸੇ ਤਰਾਂ ਮਿਤੀ 14-09-2024 ਨੂੰ ਏਕਮਨੂਰ ਸਿੰਘ ਬਰਾੜ ਪੁੱਤਰ ਹਰਚੰਦ ਸਿੰਘ ਬਰਾੜ ਵਾਸੀ ਮਕਾਨ ਨੰ: 199, ਸੈਕਟਰ 21ਏ, ਚੰਡੀਗੜ ਦੇ ਬਿਆਨਾ ਦੇ ਅਧਾਰ ਤੇ ਮੁਕੱਦਮਾ ਨੰ: 234 ਮਿਤੀ 14-09-2024 ਅ/ਧ 331(4), 305 2©♥ ਥਾਣਾ ਸਦਰ ਖਰੜ ਦਰਜ ਰਜਿਸਟਰ ਹੋਇਆ ਸੀ, ਕਿ ਮੈਂ ਬਾਬਾ ਫਰੀਦ ਸਪੰਨ ਪਾਇਪ ਫੈਕਟਰੀ ਦੇ ਨਾਮ ਪਰ ਮਾਨਖੇੜੀ ਰੋਡ ਘੜੂੰਆਂ ਵਿਖੇ ਫੈਕਟਰੀ ਚਲਾ ਰਿਹਾ ਹਾਂ। ਮੇਰੀ ਫੈਕਟਰੀ ਦੇ ਵਿੱਚ 20 ਦੇ ਕ੍ਰੀਬ ਵਰਕਰ ਹਨ। ਉਸਦੀਫੈਕਟਰੀ ਵਿੱਚ ਮਿਤੀ 29/30-08-2024 ਦੀ ਦਰਮਿਆਨੀ ਰਾਤ ਨੂੰ ਨਾ-ਮਾਲੂਮ ਦੋਸ਼ੀਆਂਨ ਵੱਲੋਂ ਫੈਕਟਰੀ ਦੀ ਕੰਧ ਨੂੰ ਪਾੜ ਲਗਾਕੇ, ਫੈਕਟਰੀ ਵਿੱਚੋਂ 10 ਪੈਲੇਟ 700 $$©♦-2 ਅਤੇ 04 ਪੈਲੇਟ 800 $$©♦-3 ਚੋਰੀ ਕਰ ਲਈਆਂ ਸਨ। ਜਿਨਾਂ ਦੀ ਕੀਮਤ ਕ੍ਰੀਬ ਢਾਈ ਲੱਖ ਰੁਪਏ ਹੈ।

ਦੋਸ਼ੀ ਪੁਲਿਸ ਰਿਮਾਂਡ ਅਧੀਨ ਹਨ। ਦੋਸ਼ੀਆਂਨ ਨੇ ਆਪਣੀ ਪੁੱਛਗਿੱਛ ਤੇ ਮੰਨਿਆ ਕਿ ਉਹਨਾਂ ਨੇ ਉਕਤ ਚੋਰੀਆਂ ਤੋਂ ਇਲਾਵਾ ਪਿੰਡ ਬੰਨਮਾਜਰਾ ਜਿਲਾ ਰੋਪੜ ਤੋਂ ਲੋਹੇ ਦੀਆਂ ਚਾਦਰਾਂ ਚੋਰੀ ਕੀਤੀਆਂ ਸਨ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
82880 21797
82880 21798
WWW.JSDCGROUP.COM
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565